Developmental
SERVICES

# ਪਾਸਪੋਰਟ ਪ੍ਰੋਗਰਾਮ

## ਵਿਕਾਸਕਾਰੀ (developmental) ਅਪੰਗਤਾ ਵਾਲੇ ਬਾਲਗਾਂ ਅਤੇ ਉਹਨਾਂ ਦੇ ਸੰਭਾਲਕਾਰਾਂ ਲਈ ਸੇਧਾਂ (ਗਾਈਡਲਾਈਨਾਂ)

1 ਅਕਤੂਬਰ, 2014 ਤੋਂ ਲਾਗੂ

Ontario

Passport_Guideline_Punjabi.indd 1 2015-02-03 9:08 PM

# ਤਤਕਰਾ


ਰੂਪਰੇਖਾ 3

ਪਾਸਪੋਰਟ ਲਈ ਫੰਡਿੰਗ ਕੌਣ ਲੈ ਸਕਦਾ ਹੈ? 5

ਪਾਸਪੋਰਟ ਕਹਿੜੀਆਂ ਕਹਿੜੀਆਂ ਮਦਦਾਂ (ਸਹਾਰੇ) ਕਵਰ ਕਰਦਾ ਹੈ? 6

- ਪਰਿਭਾਸ਼ਾਵਾਂ
- ਸਵੀਕਾਰਨਯੋਗ ਖ਼ਰਚੇ:
- ਕਮਿਊਨਿਟੀ ਦੀ ਸਾਂਝੀਦਾਰੀ
- ਰੋਜ਼ਾਨਾ ਜੀਵਨ ਦੀਆਂ ਸਰਗਰਮੀਆਂ
- ਦੇਖਭਾਲ਼-ਕਰਤਾ ਲਈ ਰਾਹਤ
- ਵਿਅਕਤੀ-ਕੇਂਦ੍ਰਿਤ (Person-Directed) ਪਲੈਨਿੰਗ
- ਡਾਇਰੈਕਟ ਫੰਡਿੰਗ ਦਾ ਸੰਚਾਲਨ
- ਨਾ-ਮੰਨਣਯੋਗ ਖਰਚੇ
- ਘੱਟ-ਸੰਗੀਨ ਹਾਲਾਤ

ਪਾਸਪੋਰਟ ਫੰਡਿੰਗ ਕਿਵੇਂ ਕੰਮ ਕਰਦੀ ਹੈ 14

ਰੋਲ ਅਤੇ ਜ਼ਿੰਮੇਵਾਰੀਆਂ 15

- ਸਹਾਇਕ-ਕਾਮਿਆਂ ਦੀ ਭਰਤੀ (ਹਾਇਰਿੰਗ)
  ਸਹਾਇਤਾ ਦਾ ਮਿਆਰ (ਕੁਆਲਿਟੀ)
- ਬੱਜਟ ਬਣਾਉਣਾ
- ਵਾਪਸੀ-ਭੁਗਤਾਨ
- ਫੰਡਿੰਗ ਦੀ ਦੁਰਵਰਤੋਂ




Passport_Guideline_Punjabi.indd 2 2015-02-03 9:08 PM

# ਓਵਰਵਿਊ ( ਰੂਪਰੇਖਾ)

ਬਾਲਗ-ਵਿਕਾਸਕਾਰੀ ਸੇਵਾਵਾਂ ਅਤੇ ਮਦਦਾਂ ਦਾ ਰੂਪਾਂਤਰਣ ਇਸ ਮਹੱਤਵਪੂਰਣ ਸਿਧਾਂਤ ਉੱਪਰ ਅਧਾਰਤ ਹੈ ਕਿ ਵਿਕਾਸੀ-ਅਪੰਗਤਾ ਵਾਲੇ ਲੋਕ ਕਮਿਊਨਿਟੀ ਦੇ ਮੈਂਬਰ ਹਨ ਅਤੇ ਇਹ ਸੰਸਥਾ ਖੁਦਮੁਖਤਿਆਰੀ, ਗੌਰਵ, ਅਤੇ ਆਪਣੀ-ਚੋਣ-ਆਪ ਕਰਨ ਉੱਤੇ ਕੇਂਦਰਤ ਹੈ। ਇਸਦਾ ਬੁਨਿਆਦੀ ਨਜ਼ਰੀਆ ਇਹ ਹੈ ਕਿ ਵਿਕਾਸੀ-ਅਪੰਗਤਾ ਵਾਲੇ ਸਾਰੇ ਔਂਟੇਰੀਓ-ਵਾਸੀਆਂ ਦੀ ਸਮਾਜ ਦੇ ਸਭ ਪਹਿਲੂਆਂ ਵਿੱਚ ਸ਼ਮੂਲੀਅਤ ਨੂੰ ਉਭਾਰਿਆ ਜਾਵੇ।

ਪਾਸਪੋਰਟ ਪ੍ਰੋਗਰਾਮ, ਕਮਿਊਨਿਟੀ-ਸ਼ਮੂਲੀਅਤ ਸੇਵਾਵਾਂ ਅਤੇ ਸਹਾਰਿਆਂ ਲਈ, ਰੋਜ਼ਾਨਾ ਜ਼ਿੰਦਗੀ ਦੀਆਂ ਸਰਗਰਮੀਆਂ ਲਈ, ਤੇ ਵਿਅਕਤੀਆਂ ਵੱਲੋਂ ਵਿਅਕਤੀ-ਕੇਂਦ੍ਰਿਤ ਪਲੈਨਿੰਗ ਵਾਸਤੇ ਫੰਡਿੰਗ ਉਪਲਬਧ ਕਰ ਕੇ, ਵਿਕਾਸੀ ਅਪੰਗਤਾ ਵਾਲੇ ਬਾਲਗਾਂ ਨੂੰ ਆਪਣੀਆਂ ਕਮਿਊਨਿਟੀਆਂਵਿੱਚ ਸ਼ਾਮਲ ਹੋਣ ਅਤੇ ਵੱਧ ਤੋਂ ਵੱਧ ਖੁਦਮੁਖਤਿਆਰੀ ਨਾਲ ਰਹਿ ਸਕਣ ਵਿੱਚ ਮਦਦ ਕਰਦਾ ਹੈ। ਇਹ ਪ੍ਰੋਗਰਾਮ, ਵਿਕਾਸੀ-ਅਪੰਗਤਾ ਵਾਲੇ ਬਾਲਗਾਂ ਦੇ ਪ੍ਰਮੁੱਖ ਸੰਭਾਲਕਾਰਾਂ ਵਾਸਤੇ ਰਾਹਤ (respite) ਸੇਵਾਵਾਂ ਲਈ ਫੰਡਿੰਗ ਦੇਂਦਾ ਹੈ।

ਪਾਸਪੋਰਟ ਪ੍ਰੋਗਰਾਮ ਦੇ ਕੁਝ ਅਹਿਮ ਟੀਚੇ ਇਹ ਹਨ:

- ਵਿਅਕਤੀਆਂ ਦੀਆਂ ਯੋਗਤਾਵਾਂ ਨੂੰ ਵਰਤ ਕੇ ਅਤੇ ਕਮਿਊਨਿਟੀ ਸ਼ਮੂਲੀਅਤ ਅਤੇ ਸਮਾਜਕ ਤੇ ਰੋਜ਼ਾਨਾ ਜੀਵਨ ਦੇ ਹੁਨਰ ਵਿਕਸਿਤ ਕਰ ਕੇ, ਖੁਦਮੁਖਤਿਆਰੀ ਪ੍ਰਫੁਲੱਤ ਕਰਨੀ।
- ਵਿਅਕਤੀਗਤ-ਪਸੰਦਗੀਆਂ ਦਾ ਅਤੇ ਫੈਸਲੇ-ਲੈਣ ਦਾ ਸਤਿਕਾਰ ਕਰਦੇ ਸਹਾਰਿਆਂ (ਸਪੋਰਟਾਂ) ਦੀ ਮੱਦਦ ਨਾਲ਼, ਲੋਕਾਂ ਦੀ ਕਮਿਊਨਿਟੀ ਵਿਚ ਸ਼ਮੂਲੀਅਤ ਲਈ ਮੌਕੇ ਵਧਾਉਣ ਅਤੇ ਟੀਚੇ ਪੂਰੇ ਕਰਨ ਵਿਚ ਸਹਾਇਤਾ ਕਰਨੀ।
- ਕਮਿਊਨਿਟੀ ਵਿਚ ਹਰ ਇੱਕ ਲਈ ਉਪਲਬਧ ਕਮਿਊਨਿਟੀ-ਵਸੀਲੇਆਂ ਅਤੇ ਸੇਵਾਵਾਂ ਦੀ ਵਰਤੋਂ ਰਾਹੀਂ ਸਮਾਜਕ ਸ਼ਮੂਲੀਅਤ ਨੂੰ ਉਭਾਰਨਾ ਤੇ ਸਮਾਜਕ ਰਿਸ਼ਤਿਆਂ ਨੂੰ ਵਧਾਉਣਾ।
- ਜਵਾਨਾਂ ਵਿਅਕਤੀਆਂ ਦੀ, ਸਕੂਲੀ ਜ਼ਿੰਦਗੀ ਤੋਂ ਕਮਿਊਨਿਟੀ ਵਿੱਚ ਬਾਲਗ ਬਣਨ ਦੀ ਪ੍ਰਕਿਰਆ ਵਿੱਚ, ਮਦਦ ਕਰਨਾ ।
- ਵਿਕਾਸੀ ਅਪੰਗਤਾ ਵਾਲੇ ਬਾਲਗਾਂ ਦੇ ਪਰਿਵਾਰਾਂ ਅਤੇ ਸੰਭਾਲ਼ਕਰਤਿਆਂ ਦੀ ਮਦਦ ਕਰਨਾ ਤਾਂ ਕਿ ਉਹ ਸਹਾਰਾ ਦੇਣ ਵਾਲੇ ਆਪਣੇ ਰੋਲ ਨੂੰ ਜਾਰੀ ਰੱਖ ਸਕਣ।[4]



Passport_Guideline_Punjabi.indd 3 2015-02-03 9:08 PM

ਪਾਸਪੋਰਟ ਅਧੀਨ ਫੰਡਿੰਗ ਪ੍ਰਾਪਤ ਕਰਨ ਵਾਲੀਆਂ ਸੇਵਾਵਾਂ ਅਤੇ ਮਦਦਾਂ ਹੇਠ ਲਿਖੇ ਨਿਯਮਾਂ ਦੀ ਰੌਸ਼ਨੀ ਵਿੱਚ ਪਰਦਾਨ ਕੀਤੀਆਂ ਜਾਂਦੀਆਂ ਹਨ:

**ਵਿਅਕਤੀ-ਕੇਂਦਰਤ/ਸੰਚਾਲਤ** ਸੇਵਾਵਾਂ ਤੇ ਸਹਾਰੇ ਵਿਅਕਤੀਆਂ ਦੀਆਂ ਉਨ੍ਹਾਂ ਖੂਬੀਆਂ ਉੱਤੇ ਉਸਾਰੇ ਜਾਂਦੇ ਹਨ ਜਿਹੜੀਆਂ ਉਹਨਾਂ ਦੀਆਂ ਤਰਜੀਹਾਂ, ਜ਼ਰੂਰਤਾਂ ਤੇ ਕਦਰਾਂ-ਕੀਮਤਾਂ ਨੂੰ ਉਭਾਰਾ ਦੇਂਦੀਆਂ ਹੋਣ।

**ਪਸੰਦਗੀ ਤੇ ਲਚਕ:** ਵਿਅਕਤੀ ਉਨ੍ਹਾਂ ਸਰਗਰਮੀਆਂ ਨੂੰ ਪਛਾਣਨ ਤੇ ਉਹਨਾਂ 'ਚ ਸ਼ਮੂਲੀਅਤ ਕਰਨ ਜਿਹੜੀਆਂ ਉਹਨਾਂ ਲਈ ਅਰਥਪੂਰਣ ਹੋਣ। ਪਾਸਪੋਰਟ ਵਿੱਚ ਹਿੱਸਾ ਲੈਣ ਵਾਲਿਆਂ ਲਈ ਹੋਰ ਤਰੀਕਿਆਂ ਨਾਲ਼ ਮਦਦ ਦੇਣ ਵਾਸਤੇ ਸਿੱਧੀ ਫੰਡਿੰਗ ਉਪਲਬਧ ਹੈ।

**ਮਜ਼ਬੂਤ ਪਰਿਵਾਰ ਅਤੇ ਦੇਖਭਾਲ-ਕਰਤਾ:** ਵਿਕਾਸੀ ਅਪੰਗਤਾ ਵਾਲੇ ਵਿਅਕਤੀ ਦੇ ਪਰਿਵਾਰ ਅਤੇ ਪਰਸਨਲ ਸਪੋਰਟ ਨੈੱਟਵਰਕ ਨੂੰ ਉਸਦੇ ਮੁਢਲੇ ਸਹਾਰੇ ਦੇ ਤੌਰ 'ਤੇ ਮਾਨਤਾ ਦਿੱਤੀ ਜਾਂਦੀ ਹੈ।

**ਨਿਰਪੱਖਤਾ ਅਤੇ ਉਚਿਤਤਾ:** ਫੰਡਿੰਗ ਦੀ ਰਕਮ, ਪਰੋਵਿੰਸ਼ਲ ਅਰਜ਼ੀ ਅਤੇ ਜ਼ਰੂਰਤਾਂ ਦੀ ਲੇਖਾਂਕਣ-ਪਰਕਰਿਆ (ਅਸੈਸਮੈਂਟ) ਅਤੇ ਫੰਡਿੰਗ ਫਾਰਮੂਲੇ ਉੱਤੇ ਅਧਾਰਤ ਹੈ।

**ਜਵਾਬਦੇਹੀ**—ਵਿਅਕਤੀ, ਪਰਿਵਾਰ ਅਤੇ ਸੇਵਾਵਾਂ ਦੇਣ ਵਾਲੇ ਏਜੰਟ ਪਾਸਪੋਰਟ ਫੰਡਿੰਗ ਨੂੰ ਮਿੱਥੇ ਉਦੇਸ਼ ਲਈ ਵਰਤਣ ਅਤੇ ਖ਼ਰਚਾਕਾਰੀ ਦੇ ਨਿਯਮਾਂ ਅਤੇ ਰੀਪੋਰਟਿੰਗ ਸ਼ਰਤਾਂ ਨਾਲ ਮੇਲ਼ ਖਾਣ।

ਪਾਸਪੋਰਟ ਪ੍ਰੋਗਰਾਮ ਵਿੱਚ ਪੇਮੈਂਟ ਦੇ ਦੋ ਵਿਕਲਪ ਹਨ: ਪ੍ਰਾਪਤ-ਕਰਤਾ ਆਪੋ-ਆਪਣਾ ਸਪੋਰਟ- ਇੰਤਜ਼ਾਮ ਵਿਕਸਤ ਕਰਨ ਲਈ ਅਤੇ ਆਪਣੇ ਲਈ ਸਪੋਰਟ ਵਰਕਰ ਅਤੇ ਸੇਵਾ-ਦੇਣ ਵਾਲੇ ਭਰਤੀ ਕਰਨ ਲਈ, ਆਪਣੀ ਫੰਡਿੰਗ ਦੀ ਦੇਖ-ਭਾਲ਼ ਕਰਨ ਦੀ ਚੋਣ ਕਰ ਸਕਦੇ ਹਨ। ਜਿਹੜੇ ਲੋਗ ਕਿਸੇ ਅਜੰਸੀ ਤੋਂ ਮਦਦ ਲੈਣੀ ਪਸੰਦ ਕਰਦੇ ਹਨ, ਪਾਸਪੋਰਟ ਅਜੰਸੀ ਉਹਨਾਂ ਵਿਅਕਤੀਆਂ ਅਤੇ ਪਰਿਵਾਰਾਂ ਨਾਲ਼, ਉਹਨਾਂ ਦੇ ਪਸੰਦ ਕੀਤੇ ਸਰਵਿਸ-ਦੇਣ ਵਾਲਿਆਂ ਨੂੰ ਪੇਮੈਂਟਾਂ ਦੇਣ ਲਈ ਕੰਮ ਕਰ ਸਕਦੀ ਹੈ। ਇਹਨਾਂ ਦੋਹਾਂ ਤਰੀਕਿਆਂ (approaches) ਦੇ ਸੁਮੇਲ ਰਾਹੀਂ ਪਾਸਪੋਰਟ ਫੰਡਿੰਗ ਪ੍ਰਾਪਤ ਕਰਨਾ ਵੀ ਸੰਭਵ ਹੈ।

# ਪਾਸਪੋਰਟ ਫੰਡਿੰਗ ਕਿਸ ਨੂੰ ਮਿਲ ਸਕਦੀ ਹੈ?

ਸਕੂਲ ਜਾ ਰਹੇ 18 ਸਾਲ ਦੇ ਵਿਅਕਤੀਆਂ ਸਮੇਤ, ਕੋਈ ਵੀ ਬਾਲਗ, ਜਿਹੜਾ ਮਿਨਿਸਟਰੀ ਅਵ ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਵੱਲੋਂ ਫੰਡ ਕੀਤੀਆਂ ਜਾਂਦੀਆਂ ਵਿਕਾਸੀ ਸੇਵਾਵਾਂ ਅਤੇ ਸਪੋਰਟਾਂ ਦਾ ਅਧਿਕਾਰੀ ਹੈ, ਉਹ ਪਾਸਪੋਰਟ ਰਾਹੀਂ ਫੰਡਿੰਗ ਲਈ ਅਰਜ਼ੀ ਦੇ ਸਕਦਾ ਹੈ। ਪ੍ਰੋਗਰਾਮ ਤਹਿਤ ਫੰਡਿੰਗ ਦਾ ਮਿਲਣਾ, ਉਪਲਬਧ ਵਸੀਲਿਆਂ ਉੱਤੇ ਨਿਰਭਰ ਕਰਦਾ ਹੈ।

ਇਹ ਸੇਵਾਵਾਂ ਪ੍ਰਾਪਤ ਕਰਨ ਲਈ, ਆਪਣੇ ਰੀਜਨ ਦੇ ਡਵੈਲਪਮੈਂਟਲ ਸਰਵਿਸਜ਼ ਓਨਟੇਰਿਓ (DSO) ਦੇ ਦਫ਼ਤਰ ਨਾਲ ਸੰਪਰਕ ਕਰਨਾ ਜ਼ਰੂਰੀ ਹੈ। ਵਿਅਕਤੀਆਂ ਦੀ ਵਾਜਬਤਾ (eligibility) ਦੀ ਪੁਸ਼ਟੀ ਅਤੇ ਡਵੈਲਪਮੈਂਟਲ ਸਰਵਿਸਜ਼ ਐਪਲੀਕੇਸ਼ਨ ਪੈਕਿਜ ਭਰੇ ਜਾਣ ਤੋਂ ਬਾਅਦ, ਉਹਨਾਂ ਦੀ ਅਰਜ਼ੀ ਲੋਕਲ ਪਾਸਪੋਰਟ ਅਜੰਸੀ ਨੂੰ ਭੇਜ ਦਿੱਤੀ ਜਾਵੇਗੀ।

ਵਿਕਾਸੀ-ਅਪੰਗਤਾ ਵਾਲੇ ਬਾਲਗਾਂ ਵਾਸਤੇ, ਵਿਕਾਸ ਸਬੰਧੀ ਸੇਵਾਵਾਂ ਦੀ ਅਰਜ਼ੀ ਲਈ ਹੋਰ ਜਾਣਕਾਰੀ ਵਾਸਤੇ ਲੋਕਲ ਡੀ.ਐਸ. ਓ. ਦੇ ਦਫ਼ਤਰ ਨਾਲ਼ ਸੰਪਰਕ ਕਰੋ ਜਾਂ www.dsontario.ca ਵਿਜ਼ਿਟ ਕਰੋ।

# ਪਾਸਪੋਰਟ ਫੰਡਿੰਗ ਅਧੀਨ ਕਿਹੜੀਆਂ ਮਦਦਾਂ ਆਉਂਦੀਆਂ ਹਨ?

ਪਾਸਪੋਰਟ ਪ੍ਰੋਗਰਾਮ, ਸਰਕਾਰ ਦੇ ਹੋਰ ਪ੍ਰੋਗਰਾਮਾਂ, ਵਸੀਲਿਆਂ, ਅਤੇ ਸੂਤਰਾਂ ਨੂੰ ਇਕੱਠੇ ਕਰ ਕੇ, ਉਹਨਾਂ ਦੇ ਸਹਿਯੋਗ ਨਾਲ ਵਧੇਰੇ ਸੇਵਾਵਾਂ ਦੇਣ ਲਈ ਬਣਾਇਆ ਗਿਆ ਹੈ। ਪਾਸਪੋਰਟ ਫੰਡਿੰਗ ਨੂੰ ਹੇਠ ਲਿਖੀਆਂ ਸੇਵਾਵਾਂ ਅਤੇ ਮਦਦਾਂ ਲਈ ਵਰਤਿਆ ਜਾ ਸਕਦਾ ਹੈ:

- ਕਮਿਊਨਿਟੀ ਦੀ ਸ਼ਮੂਲੀਅਤ
- ਰੋਜ਼ਾਨਾ ਜ਼ਿੰਦਗੀ ਦੀਆਂ ਸਰਗਰਮੀਆਂ
- ਸੰਭਾਲ਼ਕਰਤਾ ਲਈ ਰਾਹਤ
- ਵਿਅਕਤੀ-ਕੇਂਦ੍ਰਿਤ ਪਲੈਨਿੰਗ (2,500 ਡਾਲਰ ਤੀਕਰ)
- ਪਾਸਪੋਰਟ ਫੰਡਿੰਗ ਦਾ ਇੰਤਜ਼ਾਮ (Administration) (ਪਾਸਪੋਰਟ ਵੱਲੋਂ ਨਿਰਧਾਰਤ ਰਕਮ ਦੀ 10% ਤੀਕਰ)

ਸੇਵਾਵਾਂ ਅਤੇ ਮਦਦਾਂ, ਹੇਠਲੀਆਂ ਕਿਸਮਾਂ ਦੇ ਸੇਵਾ-ਪਰਦਾਨਕਾਰਾਂ ਤੋਂ ਖ਼ਰੀਦੀਆਂ ਜਾ ਸਕਦੀਆਂ ਹਨ:

- ਕਮਿਊਨਿਟੀ ਸੇਵਾਵਾਂ ਦੇਣ ਵਾਲੇ
- ਵਿਕਾਸਕਾਰੀ ਸੇਵਾਵਾਂ ਦੀਆਂ ਅਜੰਸੀਆਂ
- ਸੇਵਾਵਾਂ ਅਤੇ ਮਦਦ ਦੇਣ ਵਾਲੇ ਗ਼ੈਰ-ਸਰਕਾਰੀ ਪਰਦਾਨਕਰਤਾ
- ਬਾਲਗ ਵਿਦਿਆ ਪਰਦਾਨਕਰਤਾ
- ਪਰਸਨਲ ਸਪੋਰਟ ਵਰਕਰ
- ਗਵਾਂਢੀ, ਪਰਿਵਾਰ ਦੇ ਜੀਅ, ਦੋਸਤ

ਸੇਵਾਵਾਂ ਅਤੇ ਮਦਦਾਂ ਦੇਣ ਲਈ, ਪਾਸਪੋਰਟ ਫੰਡਿੰਗ, ਕੁਝ ਪਰਵਿਾਰਕ ਮੈਂਬਰਾਂ ਨੂੰ ਮੁਆਵਜ਼ੇ ਦੇ ਤੌਰ ਤੇ ਦਿੱਤੀ ਜਾ ਸਕਦੀ ਹੈ, ਪਰ ਇਹ ਹੇਠ ਲਿਖਿਆਂ ਨੂੰ ਨਹੀਂ ਦਿੱਤੀ ਜਾ ਸਕਦੀ:

- ਨਿਵਾਸ ਦੇ ਬਾਵਜੂਦ, ਪ੍ਰਮੁੱਖ ਸੰਭਾਲਕਰਤਾਵਾਂ ਨੂੰ
- ਨਿਵਾਸ ਦੇ ਬਾਵਜੂਦ, ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਦੇ ਪਤੀ ਜਾਂ ਪਤਨੀ ਨੂੰ
- 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ

ਸਵੀਕਾਰਨਯੋਗ (admissible) ਅਤੇ ਨਾ-ਸਵੀਕਾਰਨਯੋਗ ਖ਼ਰਚ-ਸੈਕਸ਼ਨ ਅਧੀਨ ਆਉਂਦੀਆਂ ਅੱਗੇ ਲਿਖੀਆਂ ਸੇਵਾਵਾਂ, ਪਾਸਪੋਰਟ ਫੰਡਿੰਗ ਦੀ ਇਰਾਦਤ (intended) ਵਰਤੋਂ ਨੂੰ ਦਰਸਾਉਂਦੀਆਂ ਹਨ



Passport_Guideline_Punjabi.indd 6 2015-02-03 9:08 PM

## ਕਮਿਊਨਿਟੀ ਸ਼ਮੂਲੀਅਤ ਸੇਵਾਵਾਂ ਅਤੇ ਸਹਾਰੇ

ਵਕਿਾਸੀ ਅਪੰਗਤਾ ਵਾਲੇ ਵਅਿਕਤੀਆਂ ਦੀ ਸਮਾਜਕ ਸ਼ਮੂਲੀਅਤ ਨੂੰ ਉਤਸਾਹਤ ਕਰਨ ਲਈ ਸੇਵਾਵਾਂ ਅਤੇ ਸਹਾਰੇ ਦੇ ਐਕਟ (Services and Supports to Promote the Social Inclusion of Persons with Developmental Disabilities Act,, 2008 (SIPDDA)),ਅਧੀਨ, ਸਮਾਜਕ-ਸ਼ਮੂਲੀਅਤ ਸੇਵਾਵਾਂ ਅਤੇ ਸਹਾਰਆਿਂ ਦਾ ਅਰਥ ਹੈ:

**"ਸਮਾਜਕ ਅਤੇ ਮਨੋਰੰਜਕ ਸਰਗਰਮੀਆਂ, ਕੰਮ ਦੀਆਂ ਸਰਗਰਮੀਆਂ, ਵਲੰਟੀਅਰ ਸਰਗਰਮੀਆਂ ਅਤੇ ਇਹੋ ਜਹਿੀਆਂ ਹੋਰ ਉਹ ਸੇਵਾਵਾਂ ਅਤੇ ਸਹਾਰੇ ਜੋ ਉਸ ਵਅਿਕਤੀ ਨੂੰ ਤਜਵੀਜ਼ ਕੀਤੀਆਂ ਜਾ ਸਕਣ ਜਹਿੜਾ ਵਕਿਾਸੀ ਤੌਰ 'ਤੇ ਅਪੰਗ ਹੋਵੇ।"**

ਕਮਉਿਨਟਿੀ ਸ਼ਮੂਲੀਅਤ ਵਚਿ, ਜ਼ਿੰਦਗੀ ਦੇ ਵੱਖ-ਵੱਖ ਖੇਤਰ, ਜਵਿੇਂ ਕਕਿੰਮਕਾਰ, ਵਸ਼ਿਰਾਮ, ਅਤੇ ਕਮਉਿਨਟਿੀ ਵਚਿ ਵਚਿਰਨ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਕਮਉਿਨਟਿੀ-ਸ਼ਮੂਲੀਅਤ ਸੇਵਾਵਾਂ ਅਤੇ ਸਹਾਰਆਿਂ ਦਾ ਮੰਤਵ, ਵਕਿਾਸੀ-ਅਪੰਗਤਾ ਵਾਲੇ ਬਾਲਗਾਂ ਨੂੰ ਕਮਉਿਨਟਿੀ-ਜੀਵਨ ਬਣਾਉਣ ਦੀਆਂ ਸਰਗਰਮੀਆਂ ਅਤੇ ਸਥਤਿੀਆਂ ਵਚਿ ਵਚਿਰਨ ਅਤੇ ਨਜਿੀ ਰਸ਼ਿਤਆਿਂ ਦਾ ਫੈਲਣਯੋਗ ਨੈੱਟਵਰਕ ਉਸਾਰਨ ਦੇ ਯੋਗ ਬਣਾਉਣਾ ਹੈ।

## ਰੋਜ਼ਾਨਾ ਜੀਵਣ ਸੇਵਾਵਾਂ ਅਤੇ ਸਹਾਰਿਆਂ ਦੀਆਂ ਸਰਗਰਮੀਆਂ

SIPDDA ਅਧੀਨ ਆਉਂਦੀਆਂ, ਰੋਜ਼ਾਨਾ ਜੀਵਣ ਦੀਆਂ ਸੇਵਾਵਾਂ ਤੇ ਸਹਾਰਆਿਂ ਦੀਆਂ ਸਰਗਰਮੀਆਂ, ਹੇਠਾਂ ਪ੍ਰਭਾਸ਼ਤਿ ਕੀਤੀਆਂ ਗਈਆਂ ਹਨ:

**ਵਕਿਾਸੀ ਅਪੰਗਤਾ ਵਾਲੇ ਵਅਿਕਤੀ ਨੂੰ ਨਜਿੀ ਸੋਧ-ਸਫ਼ਾਈ, ਪਹਨਿਣ-ਪਚਰਨ, ਸਜਣ-ਸੰਵਰਣ, ਖਾਣਾ ਤਆਿਰ ਕਰਨ, ਦਵਾਈਆਂ ਸਮੇਂ-ਸਰਿ ਲੈਣ ਵਚਿ ਮਦਦ ਕਰਨ ਵਾਲੀਆਂ ਸੇਵਾਵਾਂ ਤੇ ਮਦਦਾਂ, ਅਤੇ ਨਾਲ ਹੀ, ਪੈਸੇ-ਧੇਲੇ ਨੂੰ ਸੰਭਾਲਣ ਦੀ ਸਖਿਲਾਈ, ਬੈਂਕਗਿ, ਪਬਲਕਿ ਟਰਾਂਸਪੋਰਟ ਨੂੰ ਵਰਤਣ ਤੇ ਜੀਵਨ ਨਾਲ ਸੰਬੰਧਤ ਹੋਰ ਹੁਨਰ, ਅਤੇ ਅਜੇਹੀਆਂ ਸੇਵਾਵਾਂ ਅਤੇ ਮਦਦਾਂ ਜਹਿੜੀਆਂ ਕਤਿਜਵੀਜ਼ ਕੀਤੀਆਂ ਗਈਆਂ ਹੋਣ।**

ਰੋਜ਼ਾਨਾ ਜ਼ਿੰਦਗੀ ਦੀਆਂ ਸਰਗਰਮੀਆਂ ਵਚਿ ਖ਼ੁਦ ਦੀ ਸੰਭਾਲ ਅਤੇ ਰੋਜ਼ਾਨਾ ਜੀਵਨ ਵਚਿ ਕਰਨ ਵਾਲੀਆਂ ਕਈ ਚੀਜ਼ਾਂ—ਫ਼ੋਨ ਦੀ ਵਰਤੋਂ, ਖਾਣਾ ਬਣਾਉਣਾ ਅਤੇ ਪਬਲਕਿ ਟ੍ਰਾਂਸਪੋਰਟ ਦੇ ਸਾਧਨਾਂ ਨੂੰ ਵਰਤਣਾ ਆਦਕਿ ਸ਼ਾਮਲ ਹਨ। ਰੋਜ਼ਾਨਾ ਜੀਵਨ ਦੀਆਂ ਸਰਗਰਮੀਆਂ ਵਚਿ ਸਹਾਰੇ ਦਾ ਮੰਤਵ ਹੈ ਵਕਿਾਸੀ ਅਪੰਗਤਾ ਵਾਲੇ ਬਾਲਗਾਂ ਨੂੰ ਮਦਦ ਦੇਣੀ ਤਾਂ ਕਉਿਹ ਆਪਣੇ ਪਰਵਿਾਰਾਂ ਨਾਲ਼ ਵੱਧ ਤੋਂ ਵੱਧ ਖ਼ੁਦਮੁਖਤਆਿਰੀ ਨਾਲ਼ ਰਹ ਿਸਕਣ। ਇਹ ਸਾਂਝੀ-ਰਹਿਾਇਸ਼ ਜਾਂ ਇਕੱਲੇ ਰਹਣਿ ਦੀਆਂ ਹਾਲਤਾਂ ਵਚਿ ਹੋ ਸਕਦਾ ਹੈ।



Passport_Guideline_Punjabi.indd 7 2015-02-03 9:08 PM

## ਸੰਭਾਲ਼ਕਰਤਾ- ਰਾਹਤ ਅਤੇ ਮਦਦਾਂ

SIPDDA ਤਹਿਤ ਸੰਭਾਲ਼ਕਰਤਾ-ਛੁੱਟੀ ਸੇਵਾਵਾਂ ਅਤੇ ਮਦਦਾਂ ਦਾ ਅਰਥ ਹੈ:

"ਉਹ ਸੇਵਾਵਾਂ ਤੇ ਮਦਦਾਂ ਜਿਹੜੀਆਂ ਵਿਕਾਸੀ-ਅਪੰਗਤਾ ਵਾਲੇ ਕਿਸੇ ਵਿਅਕਤੀ ਨੂੰ ਉਸ ਦੇ ਫਾਇਦੇ ਲਈ, ਕਿਸੇ ਵਿਅਕਤੀ ਵੱਲੋਂ, ਜਿਹੜਾ ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਦਾ ਪ੍ਰਮੁੱਖ ਸੰਭਾਲਕਰਤਾ ਨਾ ਹੋਵੇ, ਦਿੱਤੀਆਂ ਜਾਂਦੀਆਂ ਹਨ, ਅਤੇ ਉਹ ਪ੍ਰਮੁੱਖ ਸੰਭਾਲ਼ਕਰਤਾ ਨੂੰ ਆਰਜ਼ੀ ਰਾਹਤ ਦੇਣ ਦੇ ਮੰਤਵ ਨਾਲ਼ ਦਿੱਤੀਆਂ ਜਾਂਦੀਆਂ ਹਨ।"

ਸੰਭਾਲ਼ਕਰਤਾ ਰਾਹਤ-ਸੇਵਾਵਾਂ ਅਤੇ ਮਦਦਾਂ ਦਾ ਮਕਸਦ ਹੈ ਪ੍ਰਮੁੱਖ ਸੰਭਾਲ਼ਕਰਤਾਵਾਂ ਨੂੰ ਸਾਂਭ-ਸੰਭਾਲ਼ ਦੀਆਂ ਜ਼ਿੰਮੇਵਾਰੀਆਂ ਤੋਂ ਮਾਨਸਿਕ ਅਤੇ ਜਿਸਮਾਨੀ ਛੁੱਟੀ ਦੇਣੀ।

ਪ੍ਰਮੁੱਖ ਸੰਭਾਲ਼ਕਰਤਾ ਉਹ ਵਿਅਕਤੀ ਹੈ ਜਿਹੜਾ ਵਿਕਾਸੀ-ਅਪੰਗਤਾ ਵਾਲੇ ਬਾਲਗ ਦੀ ਮਦਦ ਅਤੇ ਸੰਭਾਲ਼ ਲਈ ਜ਼ਿੰਮੇਵਾਰ ਹੁੰਦਾ ਹੈ; ਉਹ ਭਾਵੇਂ ਨਾ ਕੋਈ ਰਿਸ਼ਤੇਦਾਰ ਹੋਵੇ ਅਤੇ ਨਾ ਹੀ ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਦੇ ਨਾਲ ਰਹਿੰਦਾ ਹੋਵੇ। ਪ੍ਰਮੁੱਖ ਸੰਭਾਲਕਰਤਾ ਦੀ ਨਿਯੁਕਤੀ ਵਿੱਚ ਪ੍ਰਮੁੱਖ ਸੰਭਾਲਕਰਤਾ ਦੇ ਪਤੀ-ਪਤਨੀ ਵੀ ਸ਼ਾਮਲ ਹਨ।1

## Person-Directed Planning Services and Supports (ਵਿਅਕਤੀ-ਕੇਂਦ੍ਰਿਤ ਵਿਉਂਤਬੰਦੀ, ਸੇਵਾਵਾਂ ਅਤੇ ਸਹਾਰੇ)

SIPDDA ਤਹਿਤ, ਵਿਅਕਤੀ-ਕੇਂਦਰਿਤ ਵਿਉਂਤਬੰਦੀ, ਸੇਵਾਵਾਂ ਅਤੇ ਸਹਾਰਿਆਂ ਦਾ ਅਰਥ ਹੈ:

"ਵਿਕਾਸੀ ਅਪੰਗਤਾ ਵਾਲੇ ਲੋਕਾਂ ਦੀ, ਜੀਵਨ ਦਾ ਦ੍ਰਿਸ਼ਟੀਕੋਣ ਤੇ ਟੀਚਿਆਂ ਦੀ ਨਿਸ਼ਾਨਦੇਹੀ ਕਰਨ ਵਿੱਚ, ਅਤੇ ਪਰਿਵਾਰਾਂ ਦੀ ਜਾਂ ਹੋਰ ਮਹੱਤਵਪੂਰਨ ਲੋਕਾਂ ਦੀ ਮਦਦ ਤੇ ਸੇਵਾਵਾਂ ਅਤੇ ਸਹਾਰਿਆਂ ਦੀ ਵਰਤੋਂ ਨਾਲ਼ ਮਿਥੇ ਹੋਏ ਨਿਸ਼ਾਨਿਆਂ ਦੀ ਪੂਰਤੀ ਵਿੱਚ, ਮਦਦ ਕਰਨ ਲਈ ਸੇਵਾਵਾਂ ਤੇ ਸਹਾਰੇ।"

1ਪਾਸਪੋਰਟ ਪ੍ਰੋਗਰਾਮ ਦੇ ਮਕਸਦ ਲਈ, ਕੋਈ ਵਿਅਕਤੀ ਜਾਂ ਪਰਿਵਾਰ, ਜੋ ਵਿਕਾਸੀ-ਅਪੰਗਤਾ ਵਾਲੇ ਕਿਸੇ ਬਾਲਗ ਨੂੰ ਸਹਾਰਾ ਦੇਣ ਲਈ ਮਨਿਸਟਰੀ ਤੋਂ ਫੰਡ ਲੈ ਰਹੀ ਏਜੰਸੀ (ਜਿਵੇਂ ਕਿ Host Family provider, Adult Protective Service Worker) ਤੋਂ ਉਜਰਤ ਲੈ ਰਿਹਾ ਹੋਵੇ, ਉਸਨੂੰ ਪ੍ਰਮੁੱਖ ਸੰਭਾਲ਼ਕਰਤਾ ਨਹੀਂ ਮੰਨਿਆਂ ਜਾਂਦਾ। ਕੋਈ ਵਿਅਕਤੀ, ਪਰਿਵਾਰ ਜਾਂ ਸੇਵਾ-ਪਰਦਾਨੀ ਜਿਹੜਾ ਵਿਕਾਸੀ-ਅਪੰਗਤਾ ਵਾਲੇ ਕਿਸੇ ਬਾਲਗ ਨੂੰ ਰਿਹਾਇਸ਼ੀ ਪ੍ਰਬੰਧ, ਸਪੋਰਟ ਜਾਂ ਸੰਭਾਲ਼ ਪਰਦਾਨ ਕਰਨ ਲਈ ਮਾਇਕ ਉਜਰਤ ਲੈ ਰਿਹਾ ਹੋਵੇ, ਉਸਨੂੰ ਪ੍ਰੋਗਰਾਮ ਦੇ ਤਹਿਤ ਪ੍ਰਮੁੱਖ ਸੰਭਾਲਕਰਤਾ ਨਹੀਂ ਮੰਨਿਆਂ ਜਾਂਦਾ।



Passport_Guideline_Punjabi.indd 8 2015-02-03 9:08 PM

## ਸਵੀਕਾਰਯੋਗ ਖ਼ਰਚੇ

ਹੇਠ ਲਿਖੀ ਕਸਿਮ ਦੀਆਂ ਸੇਵਾਵਾਂ ਅਤੇ ਸਹਾਰੇ, ਉਹ ਮਸਿਾਲਾਂ ਹਨ ਜਨਿ੍ਹਾਂ ਲਈ ਪਾਸਪੋਰਟ ਦੀ ਫੰਡਗਿ ਵਰਤੀ ਜਾ ਸਕਦੀ ਹੈ:

## ਕਮਿਊਨਿਟੀ-ਸ਼ਮੂਲੀਅਤ ਸਹਾਰੇ ਅਤੇ ਜੀਵਣ ਦੀਆਂ ਰੋਜ਼ਮਰਰਾਹ ਦੀਆਂ ਸਰਗਰਮੀਆਂ

- ਪ੍ਰੋਗਰਾਮ, ਕਲਾਸਾਂ, ਕੈਂਪ, ਅਤੇ ਉਹ ਸਹਾਰੇ ਜਿਹੜੇ ਖੁਦਮੁਖਤਿਆਰੀ, ਸਮਾਜਕ ਸੰਚਾਰ, ਅਤੇ ਜ਼ਿੰਦਗੀ ਦੇ ਹੁਨਰਾਂ ਨੂੰ ਉਤਸ਼ਾਹਤ ਤੇ ਵਿਕਸਤ ਕਰਦੇ ਹਨ (ਜਿਵੇਂ ਕਿ ਅੱਖਰ-ਗਿਆਨ, ਕੁੱਕਿੰਗ, ਬੈਂਕਿੰਗ ਅਤੇ ਪੈਸੇ ਦੀ ਸਾਂਭ-ਸੰਭਾਲ਼, ਪਬਲਿਕ ਟਰਾਂਸਪੋਰਟੇਸ਼ਨ ਦੀ ਵਰਤੋਂ, ਕੰਪਿਊਟਰ ਦੇ ਹੁਨਰ, ਫੈਸਲੇ ਲੈਣੇ, ਆਪਣੇ-ਆਪ ਦੀ ਵਕਾਲਤ, ਖੁਦ-ਸੰਭਾਲ਼ ਵਿੱਚ ਮਦਦ)। ਇਸ ਵਿੱਚ ਸਬੰਧਤ ਫੀਸਾਂ ਅਤੇ ਸਪਲਾਈਜ਼ ਵੀ ਸ਼ਾਮਲ ਹਨ।
- ਮਨੋਰੰਜਨ, ਵਿਹਲ-ਆਰਾਮ, ਸਮਾਜਕ, ਕਲਚਰਲ ਅਤੇ ਖੇਡ-ਕੁੱਦ ਸਰਗਰਮੀਆਂ, ਜਿਹੜੀਆਂ ਕਮਿਊਨਿਟੀ ਦੀਆਂ ਕਾਰਵਾਈਆਂ ਅਤੇ ਸਰਗਰਮੀਆਂ ਵਿੱਚ ਸ਼ਮੂਲੀਅਤ ਲਈ ਮੌਕੇ ਪ੍ਰਦਾਨ ਕਰਦੀਆਂ ਹਨ (ਜਿਵੇਂ ਕਿ ਕਲੱਬ-ਮੈਂਬਰਸ਼ਿਪ ਅਤੇ ਫੀਸਾਂ, ਮੇਲਿਆਂ, ਅਜਾਇਬਘਰਾਂ, ਅਤੇ ਖੇਡ-ਕੁੱਦ ਦਿਆਂ ਮੌਕਿਆਂ ਦੀ ਦਾਖ਼ਲਾ ਫ਼ੀਸ, ਫਿਟਨਿਸ ਅਤੇ ਖੇਡ-ਕੁੱਦ/ਸਰਗਰਮੀਆਂ ਦੇ ਖਾਸੂਸੀ ਲੈੱਸਨ)
- ਅਗਾਊਂ-ਰੁਜ਼ਗਾਰ ਅਤੇ ਰੁਜ਼ਗਾਰ ਸੰਬੰਧੀ ਸਹਾਇਤਾ (ਜਿਵੇਂ ਕਿ ਹੁਨਰ, ਕੰਮ ਅਤੇ ਰੁਟੀਨ ਦੀ ਟ੍ਰੇਨਿੰਗ, ਜਾਬ ਦੀ ਕੋਚਿੰਗ)
- ਸਰਗਰਮੀਆਂ ਲਈ ਆਉਣ ਜਾਣ ਵਾਸਤੇ ਟ੍ਰਾਂਸਪੋਰਟੇਸ਼ਨ (ਮਸਲਨ ਲੋਕਲ ਟ੍ਰਾਂਜ਼ਿਟ, ਮਾਈਲੇਜ, ਟੈਕਸੀਆਂ)*
- ਕਮਿਊਨਿਟੀ ਸ਼ਮੂਲੀਅਤ ਅਤੇ ਰੋਜ਼ਮਰਰਾਹ ਦੀਆਂ ਸਰਗਰਮੀਆਂ ਲਈ ਮਦਦ ਉਪਲਬਧ ਕਰਨ ਲਈ ਸਪੋਰਟ ਵਰਕਰ ਦੀ ਭਰਤੀ
- ਸਪੋਰਟ ਵਰਕਰਾਂ ਵੱਲੋਂ ਸਪੋਰਟ ਦੇਂਦਿਆਂ ਕੀਤੇ ਫੁਟਕਲ ਖ਼ਰਚੇ (ਮਸਲਨ, ਖਾਣੇ ਅਤੇ ਟ੍ਰਾਂਸਪੋਰਟੇਸ਼ਨ ਦਾ ਖ਼ਰਚਾ, ਸਰਗਰਮੀਆਂ ਦੀਆਂ ਫੀਸਾਂ, ਵਿਕਾਸੀ-ਅਪੰਗਤਾ ਵਾਲੇ ਲਈ ਟ੍ਰਿਪ ਅਤੇ ਛੁੱਟੀਆਂ ਦੇ ਸਫ਼ਰ ਸਮੇਂ ਕੀਤਾ ਖ਼ਰਚਾ)*

***ਨੋਟ**: ਮਨਿਸਿਟਰੀ ਦੀ ਸਫਿਾਰਸ਼ ਹੈ ਕ ਿਪਾਸਪੋਰਟ ਪ੍ਰਾਪਤ ਕਰਨ ਵਾਲੇ ਲੋਕ, ਆਂਟੇਰੀਓ ਸਰਕਾਰ ਦੀ ਟ੍ਰੈਵਲ, ਖਾਣੇ ਅਤੇ ਮਹਮਿਾਨਨਵਿਾਜ਼ੀ ਸੰਬੰਧੀ ਸਰਕਾਰੀ ਮੁਲਾਜ਼ਮਾਂ ਲਈ ਗਾਈਡ ਵਚਿ ਦਰਜ ਖ਼ਰਚ-ਸੀਮਾ ਅਨੁਸਾਰ ਚੱਲਣ। ਇਸ ਨਰਿਦੇਸ਼ ਨੂੰ ontario.ca/bxhx 'ਤੇ ਦੇਖਆਿ ਜਾ ਸਕਦਾ ਹੈ।

## ਵਿਅਕਤੀ-ਕੇਂਦਰਤ ਆਯੋਜਨ

- ਪਾਸਪੋਰਟ ਫੰਡਿੰਗ ਉਸ ਕਿਸਮ ਦੀ ਵਿਅਕਤੀ-ਕੇਂਦਰਤ ਯੋਜਨਾ ਨੂੰ ਵਿਕਸਤ ਕਰਨ ਲਈ ਲੋੜੀਂਦੇ ਸਹਾਰਿਆਂ ਨੂੰ ਪ੍ਰਾਪਤ ਕਰਨ ਵਾਸਤੇ ਵਰਤੀ ਜਾ ਸਕਦੀ ਹੈ ਜਿਹੜੀ ਵਿਅਕਤੀ ਦੀਆਂ ਖੂਬੀਆਂ ਅਤੇ ਦਿਲਚਸਪੀਆਂ ਉੱਪਰ ਟੇਕ ਰਖਦੀ ਹੈ ਅਤੇ ਟੀਚਿਆਂ ਦੀ ਪੂਰਤੀ ਲਈ ਲੋੜੀਂਦੀਆਂ ਮਦਦਾਂ ਦੀ ਨਿਸ਼ਾਨਦੇਹੀ ਕਰਦੀ ਹੈ।
- ਵਿਅਕਤੀ-ਕੇਂਦਰਤ ਯੋਜਨਾ ਸੇਵਾਵਾਂ ਅਤੇ ਮਦਦਾਂ ਖੁਦਮੁਖਤਿਆਰ ਯੋਜਕਾਂ (planners) ਅਤੇ ਸਹੂਲਤ-ਦਾਤਿਆਂ ਜਾਂ ਵਿਕਾਸ ਸਬੰਧੀ ਸੇਵਾਵਾਂ ਵਾਲੀਆਂ ਏਜੰਸੀਆਂ ਤੋਂ ਖ਼ਰੀਦੀਆਂ ਜਾ ਸਕਦੀਆਂ ਹਨ।
- ਪਾਸਪੋਰਟ ਪ੍ਰਾਪਤਕਰਤਾ, ਵਿਅਕਤੀ-ਕੇਂਦਰਤ ਯੋਜਨਾ ਸੇਵਾਵਾਂ ਅਤੇ ਮਦਦਾਂ ਨੂੰ ਖ਼ਰੀਦਣ ਲਈ, ਸਾਲਾਨਾ ਫੰਡਿੰਗ ਵਿੱਚੋਂ $2,500 ਤੀਕ ਖ਼ਰਚ ਕਰ ਸਕਦੇ ਹਨ।



Passport_Guideline_Punjabi.indd 9 2015-02-03 9:08 PM

- ਵਿਅਕਤੀ-ਕੇਂਦਰਤ ਯੋਜਨਾ ਗਾਈਡ ਤਿਆਰ ਕਰਨ ਲਈ, ਮਿਨਿਸਟਰੀ ਨੇ ਵਿਅਕਤੀ-ਕੇਂਦਰਤ ਯੋਜਨਾ ਖੇਤਰ ਵਿੱਚ ਕੰਮ ਕਰਨ ਵਾਲੇ ਪਰਿਵਾਰਾਂ ਤੇ ਮਾਹਿਰਾਂ ਨਾਲ਼ ਕੰਮ ਕੀਤਾ ਹੈ। ਇਹ ਗਾਈਡ ਮਿਨਿਸਟਰੀ ਦੇ ਵੈਬਸਾਈਟ ontario.ca/bxkr `ਤੇ ਉਪਲਬਧ ਹੈ।
- ਵਿਅਕਤੀ-ਕੇਂਦਰਤ ਯੋਜਨਾ ਦੇ ਹੋਰ ਵਸੀਲੇ ਵੀ ਆਨਲਾਈਨ ਉਪਲਬਧ ਹਨ। Ontario Independent Facilitation Network ਇਕ ਪ੍ਰੋਵਿੰਸ਼ਲ ਨੈੱਟਵਰਕ ਹੈ ਜਿਸਦਾ ਮਕਸਦ ਹੈ ਜਾਣਕਾਰੀ ਦੇਣਾ, ਸਿਖਾਉਣਾ, ਉਤਸ਼ਾਹਤ ਕਰਨਾ, ਸਹਾਰਾ ਦੇਣਾ, ਜੋੜਨਾ ਅਤੇ ਔਂਟੇਰੀਓ ਵਿੱਚ ਖੁਦਮੁਖਤਿਆਰ ਸਹੂਲੀਅਤ ਅਤੇ ਪਲੈਨਿੰਗ ਨੂੰ ਉਭਾਰਨਾ। ਵਿਅਕਤੀ-ਕੇਂਦਰਤ ਯੋਜਨਾ ਨੂੰ ਸਹਾਰਾ ਦੇਣ ਲਈ ਜਾਣਕਾਰੀ ਅਤੇ ਵਸੀਲਿਆਂ ਦਾ ਵੇਰਵਾ ਉਨ੍ਹਾਂ ਦੀ ਵੈੱਬਸਾਈਟ www.oifn.ca ਉੱਪਰ ਉਪਲਬਧ ਹੈ।

## ਸੰਭਾਲ਼ਕਰਤਾ- ਰਾਹਤ ਸੇਵਾਵਾਂ ਤੇ ਸਹਾਇਤਾ

ਸੰਭਾਲਕਰਤਾ-ਛੁੱਟੀ ਸੇਵਾਵਾਂ ਅਤੇ ਸਹਾਇਤਾ ਦਾ ਪ੍ਰਮੁੱਖ ਉਦੇਸ਼, ਸੰਭਾਲ਼ਕਰਤਾਵਾਂ ਨੂੰ, ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ਼ ਨਾਲ਼, ਸੰਭਾਲ ਪ੍ਰਾਪਤ ਕਰਨ ਵਾਲਿਆਂ ਅਤੇ ਸੰਭਾਲ਼ਕਰਤਾਵਾਂ ਦਰਮਿਆਨ ਚੰਗਾ ਰਿਸ਼ਤਾ ਰੱਖਣ ਵਿੱਚ ਸਹਾਈ ਹੋਣਾ ਹੈ।

ਸੰਭਾਲ਼ਕਰਤਾ- ਰਾਹਤ ਅਤੇ ਸਹਾਇਤਾ ਸੇਵਾਵਾਂ ਦੀਆਂ ਮਿਸਾਲਾਂ:

- ਵਿਕਾਸੀ-ਅਪੰਗਤਾ ਵਾਲੇ ਲੋਕਾਂ ਨੂੰ ਅਪਣੀ ਸੰਭਾਲ਼ ਦੀਆਂ ਜ਼ਰੂਰਤਾਂ ਨਾਲ਼ ਸੰਬੰਧਤ ਰੋਜ਼ਮਰਰਾਹ ਜ਼ਿੰਦਗੀ ਦੀਆਂ ਸਰਗਰਮੀਆਂ ਵਿਚ ਮਦਦ ਕਰਨਾ।
- ਵਿਕਾਸੀ ਅਪੰਗਤਾ ਵਾਲੇ ਵਿਅਕਤੀ ਦੀ ਨਿਗਰਾਨੀ ਕਰਨੀ।

ਸੰਭਾਲ਼ਕਰਤਾ- ਰਾਹਤ ਸੇਵਾਵਾਂ ਅਤੇ ਸਹਾਇਤਾ ਕੁਝ ਘੰਟਿਆਂ ਤੋਂ ਲੈ ਕੇ ਰਾਤ-ਭਰ ਲਈ ਹੋ ਸਕਦੇ ਹਨ। ਇਹ ਸੇਵਾਵਾਂ ਦਿਨ ਦੌਰਾਨ, ਸ਼ਾਮ ਨੂੰ, ਜਾਂ ਵੀਕਐਂਡ `ਤੇ ਵੀ, ਘਰ-ਵਿੱਚ ਜਾਂ ਘਰ-ਤੋਂ-ਬਾਹਰ, ਦਿੱਤੀਆਂ ਜਾ ਸਕਦੀਆਂ ਹਨ।

## ਪ੍ਰਬੰਧਕੀ ਮਦਦਾਂ

- ਫੰਡਿੰਗ ਦੀ ਦੇਖਭਾਲ ਆਪ ਕਰਨ ਦੇ ਇੱਛੁਕ ਵਿਅਕਤੀ ਆਪਣੀਆਂ ਮਦਦਾਂ ਦਾ ਤਾਲਮੇਲ ਕਰਨ ਲਈ ਜਾਂ ਪ੍ਰਬੰਧ ਲਈ ਸ਼ਾਇਦ ਮਦਦ ਚਾਹੁਣ। ਪ੍ਰਬੰਧਕੀ ਸਹਾਇਤਾ (ਮਸਲਨ, ਬੁੱਕ-ਕੀਪਿੰਗ, ਪੇਅਰੋਲ, ਸਪੋਰਟ ਵਰਕਰਾਂ ਦਾ ਟਾਈਮਟੇਬਲ ਬਣਾਉਣਾ, ਪਾਸਪੋਰਟ ਨਾਲ਼ ਸੰਬੰਧਤ ਖਾਤਿਆਂ ਲਈ ਬੈਂਕ ਫੀਸਾਂ) ਲਈ ਸਮੁੱਚੇ ਪਾਸਪੋਰਟ ਦਾ 10% ਤੀਕ ਵਰਤਿਆ ਜਾ ਸਕਦਾ ਹੈ।
- ਪਾਸਪੋਰਟ ਫੰਡਿੰਗ, ਐਂਪਲਾਇਰ ਦੇ ਲਾਗੂ-ਹੋਣ-ਯੋਗ ਖ਼ਰਚਿਆਂ ਨੂੰ ਪੂਰਾ ਕਰਨ ਲਈ ਵਰਤੀ ਜਾ ਸਕਦੀ ਹੈ (ਮਸਲਨ, ਕੈਨੇਡਾ ਪੈਨਸ਼ਨ ਪਲੈਨ, ਰੁਜ਼ਗਾਰ ਦੀ ਇਨਸ਼ੋਰੈਂਸ ਅਤੇ ਵਰਕਰਾਂ ਦੀ ਹਿਫਾਜ਼ਤ ਅਤੇ ਇਨਸ਼ੋਰੈਂਸ-ਬੋਰਡ ਕਿਸ਼ਤਾਂ, ਵਕੇਸ਼ਨ ਦੀ ਤਨਖਾਹ).



Passport_Guideline_Punjabi.indd 10 2015-02-03 9:08 PM

## ਨਾ-ਮੰਨਣ-ਯੋਗ ਖ਼ਰਚੇ

ਪਾਸਪੋਰਟ ਫੰਡਿੰਗ ਹੇਠਲੀ ਕਿਸਮ ਦੀਆਂ ਸੇਵਾਵਾਂ ਅਤੇ ਮਦਦਾਂ ਨੂੰ ਖ਼ਰੀਦਣ ਲਈ ਨਹੀਂ ਵਰਤੀ ਜਾ ਸਕਦੀ:

- ਅਸਿੱਧੀਆਂ ਰਾਹਤ-ਸੇਵਾਵਾਂ ਅਤੇ ਮਦਦਾਂ (ਮਸਲਨ, ਸਫ਼ਾਈ, ਖਾਣਾ-ਤਿਆਰੀ, ਸਨੋਅ ਹਟਾਉਣੀ, ਪਰਿਵਾਰ ਦੇ ਹੋਰ ਮੈਂਬਰਾਂ ਦੀ ਸੰਭਾਲ਼)
- ਉਨ੍ਹਾਂ ਪੋਸਟ-ਸੈਕੰਡਰੀ ਪੜ੍ਹਾਈ/ਡਿਗਰੀ ਪ੍ਰੋਗਰਾਮਾਂ ਦੀ ਟਿਊਸ਼ਨ  ਜਿਹੜੇ ਸਰਕਾਰ ਵੱਲੋਂ ਵਿਦਿਆਰਥੀ-ਸਹਾਇਤਾ ਦੇ ਹੋਰ ਪ੍ਰੋਗਰਾਮਾਂ ਲਈ ਅਧਿਕਾਰੀ ਹਨ, ਜਿਵੇਂ ਕਿ ਆਂਟੇਰੀਓ ਸਟੂਡੈਂਟ ਸਹਾਇਤਾ ਪਲੈਨ; ਉਹ ਮਦਦਾਂ ਜਿਹੜੀਆਂ  ਆਨ-ਕੈਂਪਸ (on-campus) ਦਫ਼ਤਰ ਰਾਹੀਂ ਉਪਲਬਧ ਹਨ
- ਉਹ ਆਈਟਮਾਂ ਜਿਨ੍ਹਾਂ ਲਈ ਵਿਅਕਤੀ, ਆਂਟੇਰੀਓ ਅਪੰਗਤਾ ਸਪੋਰਟ ਪਰੋਗਰਾਮ ਭੱਤਾ ਪ੍ਰਾਪਤ ਕਰਦਾ ਹੈ (ਮਸਲਨ, ਡਰੱਗ ਬੈਨੀਫ਼ਿਟ, ਮੈਡੀਕਲ ਏਡਜ਼)
- ਰਿਹਾਇਸ਼ ਅਤੇ ਰਿਹਾਇਸ਼ ਦੀ ਦੇਖਭਾਲ਼ (ਮਸਲਨ, ਕਿਰਾਇਆ, ਮਕਾਨ ਦੀ ਖ਼ਰੀਦ ਜਾਂ ਮੋਰਗੇਜ-ਕਿਸ਼ਤਾਂ, ਮੁਰੰਮਤਾਂ, ਰੈਨੋਵੇਸ਼ਨਾਂ ਜਾਂ ਅਦਲਾ-ਬਦਲੀਆਂ, ਘਰ ਦੀ ਸਾਫ਼-ਸਫਾਈ, ਯਾਰਡ ਦਾ ਕੰਮ)
- ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਲਈ ਗਰੋਸਰੀ, ਖਾਧ-ਖ਼ੁਰਾਕ ਅਤੇ ਰੈਸਟੋਰੈਂਟ ਦੇ ਖਾਣੇ
- ਕੱਪੜੇ-ਲੱਤੇ
- ਘਰੇਲੂ ਵਸਤੂਆਂ ਅਤੇ ਬਿਜਲਈ-ਚੀਜ਼ਾਂ (ਮਸਲਨ, ਫਰਨੀਚਰ,  ਉਪਕਰਨ (ਅਪਲਾਇੰਸਜ਼), ਟੈਲੀਵਿਯਨ, ਕੰਪਿਊਟਰ)
- ਟੈਲੀਫ਼ੋਨ/ਟੈਲੀ-ਸੰਚਾਰ (ਮਸਲਨ, ਘਰੇਲੂ  ਟੈਲੀਫ਼ੋਨ ਅਤੇ ਇੰਟਰਨੈੱਟ ਸੇਵਾਵਾਂ, ਸੈੱਲ ਫ਼ੋਨ ਅਤੇ ਸੇਵਾਵਾਂ)
- ਛੁੱਟੀਆਂ ਦੀ ਟਰੈਵਲ (ਮਸਲਨ, ਪਰਸਨਲ ਜਾਂ ਪਰਿਵਾਰਕ ਵਕੇਸ਼ਨ, ਰਹਿਣ ਦੀ ਜਗ੍ਹਾ, ਟਰਾਂਸਪੋਰਟੇਸ਼ਨ, ਟਰੈਵਲ-ਇਨਸ਼ੋਰੈਂਸ)
- ਦੰਦਾਂ ਦੀ ਸੰਭਾਲ਼ ਤੇ ਸੇਵਾਵਾਂ
- ਥੈਰਪੀ/ਖਾਸੂਸੀ ਸੇਵਾਵਾਂ ਦੀਆਂ ਫੀਸਾਂ (ਮਸਲਨ, ਬੋਲਣ ਦੀ ਸ਼ਕਤੀ ਤੇ ਭਾਸ਼ਾ ਥੈਰਪੀ, ਫਿਜ਼ੀਓਥੈਰਪੀ, ਆਕੂਪੇਸ਼ਨਲ ਥੈਰਪੀ, ਨਰਸਿੰਗ, ਮਾਲਸ਼ (ਮਸਾਜ)
- ਨਿਜੀ ਵਰਤੋਂ ਦੀਆਂ ਚੀਜ਼ਾਂ ਤੇ ਸੇਵਾਵਾਂ (ਮਸਲਨ, ਟੋਏਲਿਟ ਦਾ ਸਮਾਨ, ਸਪਾਅ ਟਰੀਟਮੈਂਟ, ਸੁੰਦਰਤਾ ਅਤੇ ਸ਼ਿੰਗਾਰ-ਸੇਵਾਵਾਂ)
- ਮਦਦੀ-ਮਸ਼ੀਨਾਂ ਅਤੇ ਖਾਸ ਕਿਸਮ ਦਾ ਸਮਾਨ
- ਗੱਡੀ ਦੀ ਖ਼ਰੀਦ ਅਤੇ/ਜਾਂ ਤਬਦੀਲੀਆਂ, ਲੀਜ਼ ਅਤੇ ਕਿਰਾਏ `ਤੇ ਲਿਆ ਸਮਾਨ)



Passport_Guideline_Punjabi.indd 11 2015-02-03 9:08 PM

## ਘੱਟ-ਸੰਗੀਨ ਹਾਲਾਤ

**ਕਮਊਿਨਟਿੀ ਸ਼ਮੂਲੀਅਤ ਅਤੇ ਰੋਜ਼ਮਰਰਾਹ ਜੀਵਨ ਦੀਆਂ ਸਰਗਰਮੀਆਂ**
ਪਾਸਪੋਰਟ ਏਜੰਸੀ ਕੋਲ਼, ਮਰਜ਼ੀ ਦੀ ਵਰਤੋਂ ਕਰਕੇ ਪਾਸਪੋਰਟ ਦੀ ਫੰਡਿੰਗ ਨੂੰ, ਕਮਿਊਨਿਟੀ ਸ਼ਮੂਲੀਅਤ ਅਤੇ ਰੋਜ਼ਮਰਰਾਹ ਜੀਣ ਦੇ ਸਹਾਰਿਆਂ ਜਾਂ ਖ਼ਰਚਿਆਂ ਦੀਆਂ ਸਰਗਰਮੀਆਂ ਲਈ ਵਰਤਣ ਦੀ ਪਰਵਾਨਗੀ ਦੇਣ ਦਾ ਅਖ਼ਤਿਆਰ ਹੈ ਜਿਹੜੇ ਆਮ ਕਰਕੇ ਇਸ ਪ੍ਰੋਗਰਾਮ ਅਧੀਨ ਪਰਵਾਨ ਨਹੀਂ ਕੀਤੇ ਜਾਂਦੇ। **ਇਹ ਉਸ ਹਾਲਤ ਵਿੱਚ ਹੁੰਦਾ ਹੈ ਜਦੋਂ ਕੋਈ ਵਿਅਕਤੀ ਗੈਰ-ਮਾਮੂਲੀ ਪਰਵਾਨਗੀ ਦੀ ਅਣਹੋਂਦ ਕਾਰਨ ਕਮਿਊਨਿਟੀ ਵਿੱਚ ਅਤੇ/ਜਾਂ ਸਰਗਰਮੀ ਵਿੱਚ ਹਿੱਸਾ ਲੈਣ ਤੋਂ ਅਸਮਰੱਥ ਹੋਵੇ।**

ਉਹ ਤੱਤ, ਜਿਹੜੇ ਪਾਸਪੋਰਟ ਅਜੰਸੀਆਂ ਨੂੰ ਇਹਨਾਂ ਸਪੋਰਟਾਂ ਜਾਂ ਖ਼ਰਚਿਆਂ ਨੂੰ ਮਨਜ਼ੂਰੀ ਦੇਣ ਸਮੇਂ, ਵਿਚਾਰਨੇ ਚਾਹੀਦੇ ਹਨ, ਉਹਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

- ਉਹ ਵਾਜਬ ਹੋਣ ਅਤੇ ਜ਼ਰੂਰੀ ਹੋਣ
- ਉਹ ਪਾਸਪੋਰਟ ਪ੍ਰੋਗਰਾਮ ਦੇ ਸੈਕਸ਼ਨ 1 (ਦੇਖੋ ਸਫ਼ਾ 3) ਵਿੱਚ ਦਰਜ ਟੀਚਿਆਂ ਅਤੇ ਸਿਧਾਂਤਾਂ ਨਾਲ਼ ਮੇਲ ਖਾਂਦੇ ਹੋਣ
- ਸੋਸ਼ਲ ਸ਼ਮੂਲੀਅਤ ਨੂੰ ਉਭਾਰਦੇ ਹੋਣ ਅਤੇ ਜਿਹੜੀਆਂ ਕਮਿਊਨਿਟੀ-ਸ਼ਮੂਲੀਅਤਾਂ ਹੋਰ ਤਰੀਕੇ-ਰਾਹੀਂ ਪ੍ਰਾਪਤੀ-ਕਰਨ-ਯੋਗ ਨਹੀਂ, ਉਹਨਾਂ ਨੂੰ ਪ੍ਰਾਪਤ- ਕਰਨ-ਯੋਗ ਬਣਾਉਂਦੇ ਹੋਣ
- ਖੁਦਮੁਖਤਿਆਰੀ ਨੂੰ ਉਤਸ਼ਾਹਤ ਕਰਦੇ ਹੋਣ

**ਜਹਿੜੀਆਂ ਮਦਦਾਂ/ਖ਼ਰਚੇ ਆਮ-ਤੌਰ 'ਤੇ ਇਸ ਪਰੋਗਰਾਮ ਅਧੀਨ ਕਵਰ ਨਹੀਂ ਚੁ, ਉਨ੍ਹਾਂ ਦੀ ਮੋੜਵੀਂ-ਪ੍ਰਾਪਤੀ ਲਈ ਪਾਸਪੋਰਟ ਅਜੰਸੀ ਦੀ ਅਗਾਊਂ ਮਨਜ਼ੂਰੀ ਲੈਣੀ ਜ਼ਰੂਰੀ ਹੈ।**

**ਅਸਿੱਧੀ ਛੁੱਟੀ**: ਘੱਟ-ਸੰਗੀਨ ਹਾਲਾਤ ਵਿੱਚ ਪਾਸਪੋਰਟ ਅਜੰਸੀ ਅਸਿੱਧੀ ਛੁੱਟੀ ਵੀ ਮਨਜ਼ੂਰ ਕਰ ਸਕਦੀ ਹੈ। ਅਸਿੱਧੀ ਛੁੱਟੀ ਵਾਲੀਆਂ ਸੇਵਾਵਾਂ ਅਤੇ ਮਦਦਾਂ ਥੁੜ-ਚਿਰੇ ਇੰਤਜ਼ਾਮ ਹਨ (ਛੇ ਮਹੀਨੇ ਤੀਕਰ ਦੇ) ਜਿਹੜੇ ਪ੍ਰਮੁੱਖ ਸੰਭਾਲ਼ਕਰਤਾ ਨੂੰ, ਉਨ੍ਹਾਂ ਘਰੇਲੂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੀ ਸੰਭਾਲ਼ ਕਰਨ ਵਿੱਚ ਸਹਾਇਤਾ ਕਰਦੇ ਹਨ ਜਿਹੜੀਆਂ ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਦੀ ਦੇਖਭਾਲ਼ ਨਾਲ਼ ਸਿੱਧੇ ਤੌਰ ਤੇ ਸੰਬੰਧਤ ਨਹੀਂ। ਅਸਿੱਧੀ ਛੁੱਟੀ, ਪ੍ਰਮੁੱਖ ਸੰਭਾਲ਼ਕਰਤਾਵਾਂ ਨੂੰ ਉਹਨਾਂ ਹਾਲਾਤ ਵਿੱਚ ਸਹਾਰਾ ਦੇਣ ਦੇ ਇਰਾਦੇ ਨਾਲ ਹੁੰਦੀ ਹੈ ਜਿੱਥੇ ਉਹਨਾਂ ਦੇ ਸਮੇਂ ਅਤੇ/ਜਾਂ ਸਰੀਰਕ, ਮਾਨਸਿਕ, ਜਾਂ ਜਜ਼ਬਾਤੀ ਸੋਮਿਆਂ ਉਤੇ ਪਿਆ ਅਸਧਾਰਨ ਬੋਝ ਉਸ ਵਿਅਕਤੀ(ਆਂ), ਜਾਂ ਜਿਨ੍ਹਾਂ ਦੀ ਉਹ ਸੰਭਾਲ ਕਰ ਰਹੇ ਹਨ ,ਦੀ ਤੰਦਰੁਸਤੀ ਲਈ ਸੰਕਟ ਪੈਦਾ ਕਰ ਸਕਦੇ ਹਨ।

ਪਾਸਪੋਰਟ ਅਜੰਸੀ ਅਸਿੱਧੀ ਛੁੱਟੀ ਦੀਆਂ ਸੇਵਾਵਾਂ ਅਤੇ ਸਹਾਰਿਆਂ ਲਈ ਮਨਜ਼ੂਰੀ ਵਧਾ ਸਕਦੀ ਹੈ ਜੇ ਸੰਭਾਲ਼ਕਰਤਾ ਪਹਿਲੇ ਛੇ ਮਹੀਨਿਆਂ ਦੌਰਾਨ ਬਦਲਵਾਂ ਬੰਦੋਬਸਤ ਕਰਨ ਜਾਂ ਲੋੜੀਂਦੀਆਂ ਮਦਦਾਂ ਪ੍ਰਾਪਤ ਕਰਨ ਤੋਂ ਅਸਮਰੱਥ ਹੋਵੇ।

ਉਹ ਤੱਤ, ਜਿਹੜੇ ਘੱਟ-ਸੰਗੀਨ ਹਾਲਾਤ ਕਾਰਨ ਅਸਿੱਧੀ ਛੁੱਟੀ ਦੇਣ ਦਾ ਫੈਸਲਾ ਲੈਣ ਵੇਲੇ ਪਾਸਪੋਰਟ ਅਜੰਸੀ ਨੂੰ ਵਿਚਾਰਨੇ ਚਾਹੀਦੇ ਹਨ, ਉਨ੍ਹਾਂ ਵਿੱਚ ਹੇਠ ਲਿਖੇ ਵੀ ਸ਼ਾਮਲ ਹਨ:

- ਸਹਾਰੇ ਦੀਆਂ ਜ਼ਰੂਰਤਾਂ ਜਾਂ ਸਹਾਰੇ ਦੇ ਪ੍ਰਬੰਧਾਂ ਵਿੱਚ ਤਬਦੀਲੀ (ਮਸਲਨ, ਸਹਾਇਕ ਦੇ ਛੱਡ ਜਾਣ 'ਤੇ ਜਿੰਨੀ ਦੇਰ ਲੋੜੀਂਦੀਆ ਮਦਦਾਂ ਜੁਟਾਈਆਂ ਨਹੀਂ ਜਾਂਦੀਆਂ, ਓਨੀ ਦੇਰ ਸੰਭਾਲਕਰਤਾ ਹੀ ਸਹਾਰਾ ਦੇਣ ਵਾਲੇ/ਸੇਵਾ ਪ੍ਰਦਾਨ ਕਰਨ ਵਾਲੇ ਦਾ ਰੋਲ ਅਤੇ ਕੰਮ ਕਰੇ)
- ਸੰਭਾਲ਼ਕਰਤਾ ਲਈ ਬਰਾਬਰ ਜ਼ਰੂਰੀ ਮੰਗਾਂ (ਮਸਲਨ, ਖਾਸ ਜ਼ਰੂਰਤਾਂ ਵਾਲੇ ਪਰਿਵਾਰਕ ਮੈਂਬਰਾਂ ਜਾਂ ਬਜ਼ੁਰਗ ਮਾਪਿਆਂ ਦੀ ਦੇਖਭਾਲ਼)।
- ਸੰਭਾਲ਼ਕਰਤਾ ਦੀ ਸਿਹਤ ਅਤੇ ਹਿਫਾਜ਼ਤ (ਮਸਲਨ, ਸਹਿਣ-ਸਿੱਝਣ ਦੀ ਅਯੋਗਤਾ ਅਤੇ ਸੰਭਾਲ਼ਕਰਤਾ ਦਾ ਅੱਕ ਜਾਣਾ; ਵੱਡੀ ਬੀਮਾਰੀ ਜਾਂ ਮੈਡੀਕਲ ਅਪਰੇਸ਼ਨ 'ਚੋਂ ਰੋਗ-ਮੁਕਤੀ)
- ਵਿਕਾਸੀ-ਅਪੰਗਤਾ ਵਾਲੇ ਵਿਅਕਤੀ ਦੀ ਸਿਹਤ ਅਤੇ ਹਿਫ਼ਾਜ਼ਤ (ਮਸਲਨ, ਅਜੇਹੀ ਮੈਡੀਕਲ ਹਾਲਤ ਜਿਸ ਲਈ ਘਰ ਦੀ ਪੇਸ਼ਾਵਰ-ਸਫ਼ਾਈ ਲੋੜੀਂਦੀ ਹੈ।)



Passport_Guideline_Punjabi.indd 12 2015-02-03 9:08 PM

ਅਸਿੱਧੀ ਛੁੱਟੀ ਦੌਰਾਨ ਸਹਾਰੇ ਦੇ ਖ਼ਰਚਾਂ ਦਾ ਵਾਪਸੀ-ਭੁਗਤਾਨ ਪ੍ਰਾਪਤ ਕਰਨ ਲਈ ਪਾਸਪੋਰਟ ਅਜੰਸੀ ਤੋਂ ਅਗਾਉਂ ਮਨਜ਼ੂਰੀ ਜ਼ਰੂਰੀ ਹੈ।

ਅਸਿੱਧੀ-ਛੁੱਟੀ ਦੌਰਾਨ ਸਹਾਰੇ ਸਮੇਤ, ਸਭ ਕਿਸਮ ਦੀ ਘੱਟ-ਸੰਗੀਨ ਹਾਲਾਤ ਦੀ ਮਨਜ਼ੂਰੀ-ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੈ:

- ਪਾਸਪੋਰਟ ਪ੍ਰਾਪਤਕਰਤਾ ਫੋਨ, ਡਾਕ, ਜਾਂ ਈਮੇਲ ਰਾਹੀਂ ਪਾਸਪੋਰਟ ਅਜੰਸੀ ਨੂੰ ਮਨਜ਼ੂਰੀ ਲਈ ਬੇਨਤੀ ਕਰਦਾ ਹੈ। ਬੇਨਤੀ, ਸਥਿਤੀ ਅਤੇ ਲੋੜੀਂਦੀਆਂ ਸੇਵਾਵਾਂ ਤੇ ਸਹਾਰਿਆਂ ਦਾ ਵੇਰਵਾ ਦਿੰਦੀ ਹੈ।
- ਪਾਸਪੋਰਟ ਅਜੰਸੀ ਵਿਅਕਤੀ ਦੀ ਬੇਨਤੀ ਨੂੰ ਦਰਜ ਕਰਦੀ ਹੈ ਅਤੇ ਇਹ ਨਿਰਣਾ ਕਰਦੀ ਹੈ ਕਿ ਹਾਲਾਤ ਘੱਟ-ਸੰਗੀਨ ਹਨ ਕਿ ਨਹੀਂ। ਪਾਸਪੋਰਟ ਏਜੰਸੀ ਦੇ ਮੈਨੇਜਰ ਤੋਂ ਫਾਈਨਲ ਮਨਜ਼ੂਰੀ ਜ਼ਰੂਰੀ ਹੈ।
- ਪਾਸਪੋਰਟ ਅਜੰਸੀ ਪ੍ਰਾਪਤਕਰਤਾ ਨੂੰ ਆਪਣੇ ਫੈਸਲੇ ਦੀ ਸੂਚਨਾ ਟੈਲੀਫ਼ੋਨ ਰਾਹੀਂ ਵੀ ਦੇ ਸਕਦੀ ਹੈ, ਪਰ ਜ਼ਰੂਰੀ ਹੈ ਕਿ ਉਹ ਲੋੜੀਂਦੀ ਜਾਣਕਾਰੀ ਦੀ ਤਫ਼ਤੀਸ਼ ਅਤੇ ਅਸਿੱਧੀ-ਛੁੱਟੀ ਦੌਰਾਨ ਮਦਦ ਲਈ ਬੇਨਤੀ ਬਾਰੇ ਲਏ ਗਏ ਫੈਸਲੇ ਤੋਂ, 10 ਬਿਜ਼ਨਿਸ ਦਿਨਾਂ ਦੇ ਅੰਦਰ-ਅੰਦਰ, ਲਿਖਤੀ ਜਵਾਬ ਜ਼ਰੂਰ ਦੇਵੇ।



Passport_Guideline_Punjabi.indd 13 2015-02-03 9:08 PM

# ਪਾਸਪੋਰਟ ਫੰਡਿੰਗ ਕਿਵੇਂ ਕੰਮ ਕਰਦੀ ਹੈ

ਪਾਸਪੋਰਟ ਪ੍ਰੋਗਰਾਮ ਕਮਿਊਨਿਟੀ ਸਾਂਝੀਦਾਰੀ , ਰੋਜ਼ਮਰਰਾਹ ਜੀਵਨ ਦੀਆ ਸਰਗਰਮੀਆਂ, ਵਿਅਕਤੀ-ਕੇਂਦਰਤ ਪਲੈਨਿੰਗ ਅਤੇ ਸੰਭਾਲਕਰਤਾ- ਰਾਹਤ ਸੇਵਾਵਾਂ ਅਤੇ ਮਦਦਾਂ ਲਈ ਫੰਡਿੰਗ ਮੁਹੱਈਆ ਕਰਦਾ ਹੈ। ਇਹ ਫੰਡਿੰਗ, ਯੋਗ ਵਿਅਕਤੀ ਵੱਲੋਂ ਵਿਕਾਸਕਾਰੀ-ਸੇਵਾਵਾਂ ਲਈ, ਡਵੈਲਪਮੈਂਟਲ ਸਰਵਿਸਜ਼ ਆਂਟੇਰੀਓ ਦਫ਼ਤਰ ਨੂੰ ਦਿੱਤੀ ਅਰਜ਼ੀ ਵਿੱਚ ਮੁਲਾਂਕਤ ਲੋੜਾਂ ਦੀ ਨਿਸ਼ਾਨਦੇਹੀ ਉੱਤੇ ਨਿਰਭਰ ਕਰਦੀ ਹੈ। ਜਿੰਨ੍ਹਾਂ ਲੋਕਾਂ ਨੇ 1 ਜੁਲਾਈ, 2011, ਤੋਂ ਪਹਿਲਾਂ ਪਾਸਪੋਰਟ ਅਜੰਸੀ ਨੂੰ ਸਿੱਧੀਆਂ ਅਰਜ਼ੀਆਂ ਦਿੱਤੀਆਂ, ਅਤੇ ਅਰਜ਼ੀ ਦਾ ਪੈਕਿਜ DSO ਦਫ਼ਤਰ ਵਿਚ ਨਹੀਂ ਭਰਿਆ, ਉਨ੍ਹਾਂ ਲਈ ਇਹ ਫੰਡਿੰਗ ਉਨ੍ਹਾਂ ਵੱਲੋਂ ਪਾਸਪੋਰਟ ਅਰਜ਼ੀ ਵਿੱਚ ਦਿੱਤੀ ਜਾਣਕਾਰੀ ਉੱਪਰ ਅਧਾਰਤ ਹੈ। ਪਾਸਪੋਰਟ ਅਜੰਸੀਆਂ ਫੰਡਿੰਗ ਦੀ ਰਕਮ ਇਕ ਸਟੈਂਡਰਡ ਫਾਰਮੂਲੇ ਅਨੁਸਾਰ ਨਿਰਧਾਰਤ ਕਰਦੀਆਂ ਹਨ।

**ਪਾਸਪੋਰਟ ਪ੍ਰੋਗਰਾਮ ਰਾਹੀਂ ਕੋਈ ਵਿਅਕਤੀ ਵੱਧ ਤੋਂ ਵੱਧ ਸਾਲਾਨਾ ਫੰਡਿੰਗ $35,000 ਲੈ ਸਕਦਾ ਹੈ।**

ਇਨਸਾਫੀਆ ਅਤੇ ਨਿਰਪੱਖ ਸੇਵਾ ਸਿਸਟਮ ਨੂੰ ਵਧਾਉਣ ਲਈ, ਪਾਸਪੋਰਟ ਦੀਆਂ ਸਾਰੀਆਂ ਅਰਜ਼ੀਆਂ ਨੂੰ, ਉਮੀਦਵਾਰਾਂ ਦੀਆਂ ਸਹਾਇਤਾ-ਲੋੜਾਂ ਅਤੇ ਹਾਲਾਤ ਅਤੇ ਉਪਲਬਧ ਵਸੀਲਿਆਂ ਅਨੁਸਾਰ ਤਰਜੀਹਵਾਰ (prioritize) ਕੀਤਾ ਜਾਂਦਾ ਹੈ।

ਪਾਸਪੋਰਟ ਫੰਡਿੰਗ ਉਹਨਾਂ ਮਦਦਾਂ ਅਤੇ ਖ਼ਰਚਿਆਂ ਲਈ ਵਰਤੀ ਜਾ ਸਕਦੀ ਹੈ ਜਿਹੜੇ ਇਸ ਪ੍ਰੋਗਰਾਮ ਤਹਿਤ ਸਵੀਕਾਰਨਯੋਗ ਹੋਣ। ਪ੍ਰਬੰਧ ਕਰਨ (ਨੀਯਤ ਕੀਤੀ ਰਕਮ ਦੇ 10% ਤੀਕ) ਅਤੇ ਵਿਅਕਤੀ-ਕੇਂਦਰਤ ਪਲੈਨਿੰਗ ($2,500 ਸਾਲਾਨਾ) ਤੋਂ ਇਲਾਵਾ, ਵੱਖ-ਵੱਖ ਕਿਸਮ ਦੀ ਮਦਦ ਦੀ ਰਕਮ ਉੱਤੇ ਕੋਈ ਸੀਮਾ ਆਇਦ ਨਹੀਂ, ਬਸ਼ਰਤੇ ਕਿ ਇਹ ਰਕਮ, ਵਿਅਕਤੀ ਨੂੰ ਨੀਯਤ ਕੀਤੀ ਕੁੱਲ ਰਕਮ ਦੇ ਘੇਰੇ ਵਿੱਚ ਹੋਵੇ।

ਤਮਾਮ ਪਾਸਪੋਰਟ ਪ੍ਰਾਪਤ-ਕਰਤਾ ਪਾਸਪੋਰਟ ਅਜੰਸੀ ਨਾਲ਼ ਫੰਡਿੰਗ ਇਕਰਾਰਨਾਮੇ ਉੱਪਰ ਦਸਤਖ਼ਤ ਕਰਦੇ ਹਨ। ਵਿਅਕਤੀ ਤੇ ਪਰਿਵਾਰ ਅਗਰ ਆਪਣੀ ਮਦਦ, ਸਰਵਿਸ ਅਜੰਸੀ ਦੁਆਰਾ ਪ੍ਰਾਪਤ ਕਰਨਾ ਚਾਹੁਣਗੇ, ਤਾਂ ਭੁਗਤਾਨ ਦਾ ਅਜਿਹਾ ਇੰਤਜ਼ਾਮ ਕਰਨ ਲਈ, ਪਾਸਪੋਰਟ ਅਜੰਸੀ ਵਿਅਕਤੀਆਂ ਅਤੇ ਪਰਿਵਾਰਾਂ ਨਾਲ਼ ਲੇਖਾ-ਜੋਖਾ ਕਰੇਗੀ।



Passport_Guideline_Punjabi.indd 14 2015-02-03 9:08 PM

# ਫ਼ਰਜ਼ ਅਤੇ ਜ਼ਿੰਮੇਵਾਰੀਆਂ

ਜਿਹੜੇ ਵਿਅਕਤੀ ਆਪਣੀ ਫੰਡਿੰਗ ਅਤੇ ਮਦਦ ਦਾ ਇੰਤਜ਼ਾਮ ਖ਼ੁਦ-ਆਪ ਕਰਦੇ ਹਨ, ਮਿਆਰੀ ਮਦਦ, ਅਤੇ ਟੈਕਸ ਦੇ ਨਿਯਮਾਂ, ਲੇਬਰ ਅਤੇ ਹੋਰ ਕਾਨੂੰਨਾਂ ਦੀ ਪਾਲਣਾ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੈ। ਅਣਕਿਆਸੀਆਂ ਸਥਿਤੀਆਂ, ਜਿਵੇਂ ਕਿ ਸਹਾਇਤਾ ਵਰਕਰ ਦਾ ਬੀਮਾਰ ਹੋਣਾ, ਜਾਂ ਅਣ-ਉਪਲਬਧ ਹੋਣਾ, ਜਾਂ ਸੇਵਾ ਪ੍ਰਦਾਨ ਨਾ ਕਰ ਸਕਣਾ, ਲਈ ਬੈਕ-ਅਪ ਪਲੈਨ ਵਿਕਸਤ ਕਰਨ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਪਾਸਪੋਰਟ ਰਾਹੀਂ ਪ੍ਰਾਪਤ ਕੀਤੀ ਫੰਡਿੰਗ ਦੀ ਜਵਾਬਦੇਹੀ ਲਈ ਵੀ ਉਹੀ ਵਿਅਕਤੀ ਜ਼ਿੰਮੇਵਾਰ ਹੈ ਜਿਸ ਨਾਲ਼ ਪਾਸਪੋਰਟ ਅਜੰਸੀ ਨੇ ਫੰਡਿੰਗ ਦਾ ਇਕਰਾਰਨਾਮਾ ਕੀਤਾ ਹੈ। ਫੰਡਿੰਗ ਦੇ ਨਿਬੰਧਨ (ਟਰਮਜ਼) ਤੇ ਸ਼ਰਤਾਂ ਪਾਸਪੋਰਟ ਅਜੰਸੀ ਨਾਲ਼ ਕੀਤੇ ਫੰਡਿੰਗ ਇਕਰਾਰਾਮੇ `ਚ ਦਰਜ ਹਨ ਜਿਨ੍ਹਾਂ ਵਿੱਚ ਹੇਠ ਲਿਖੀਆਂ ਵੀ ਸ਼ਾਮਲ ਹਨ

- ਸਾਲਾਨਾ ਫੰਡਿੰਗ ਰਕਮ,
- ਮਨਜ਼ੂਰ ਹੋਈ ਰਕਮ ਦੇ ਲਾਗੂ-ਹੋਣ-ਵਾਲੀਆਂ ਤਰੀਖਾਂ
- ਵੱਖੋ-ਵੱਖਰੀਆਂ ਧਿਰਾਂ ਦੇ ਰੋਲ ਅਤੇ ਜ਼ਿੰਮੇਵਾਰੀਆਂ

ਜਿਹੜੇ ਵਿਅਕਤੀ ਆਪਣੀ ਫੰਡਿੰਗ ਦਾ ਆਪ ਸੰਚਾਲਨ ਕਰਦੇ ਹਨ ਉਹ ਇਹਨਾਂ ਸੇਧਾਂ (ਗਾਈਡਲਾਈਨਾਂ) `ਚ ਤੈਅ ਕੀਤੇ ਪ੍ਰਬੰਧਕੀ ਨਿਯਮਾਂ ਅਤੇ ਸ਼ਰਤਾਂ ਅਤੇ ਪਾਸਪੋਰਟ ਅਜੰਸੀ ਨਾਲ਼ ਕੀਤੇ ਫੰਡਿੰਗ ਦੇ ਇਕਰਾਰਨਾਮੇ ਉੱਤੇ ਪੂਰੇ ਉੱਤਰਨ ਲਈ ਜ਼ਿੰਮੇਵਾਰ ਹਨ।

## ਸਹਾਇਕ ਕਾਮਿਆਂ ਦੀ ਭਰਤੀ

ਸੇਵਾ ਦੇਣ ਵਾਲਿਆਂ ਦੀ ਚੋਣ ਦਾ ਫੈਸਲਾ ਤੇ ਜ਼ਿੰਮੇਵਾਰੀ, ਪਾਸਪੋਰਟ ਪ੍ਰਾਪਤ-ਕਰਤਾ ਦੀ ਹੈ।

ਹੇਠਾਂ ਲਿਖੀ ਜਾਣਕਾਰੀ ਸਿਰਫ਼ ਜਾਣਕਾਰੀ ਹੀ ਹੈ ਨਾ ਕਿ ਕਾਨੂੰਨੀ ਜਾਂ ਫਾਈਨੈਂਸਿੰਗ ਦੀ ਸਲਾਹ। ਸਹਾਇਕ ਕਾਮੇ ਨੂੰ ਭਰਤੀ ਕਰਨ ਨਾਲ਼ ਜੁੜੀਆਂ ਕਾਨੂੰਨੀ ਅਤੇ ਫਾਈਨੈਂਸ਼ਲ ਬੰਦਸ਼ਾਂ ਨੂੰ ਸਮਝਣਾ ਪਾਸਪੋਰਟ-ਪ੍ਰਾਪਤ-ਕਰਤਾ ਦੀ ਜ਼ਿੰਮੇਵਾਰੀ ਹੈ।

ਸਹਾਇਕ ਕਾਮਾ ਹਾਇਰ ਕਰਨ ਵੇਲੇ ਇਸ ਗੱਲ ਤੋਂ ਖ਼ਬਰਦਾਰ ਰਹਿਣਾ ਜ਼ਰੂਰੀ ਹੈ ਕਿ ਰੁਜ਼ਗਾਰ ਦੇਣ ਵਾਲੇ ਦੀਆਂ ਬੰਦਸ਼ਾਂ ਅਤੇ ਜ਼ਿੰਮੇਵਾਰੀਆਂ ਸਹਾਇਕ ਕਾਮੇ ਦੇ ਰੁਜ਼ਗਾਰ ਸਟੇਟਸ ਉੱਤੇ ਅਤੇ ਇਸ ਗੱਲ `ਤੇ ਅਧਾਰਤ ਹਨ ਕਿ ਉਹ ( ਕਾਮਾ) ਕੈਨੇਡਾ ਰੈਵੀਨਿਊ ਅਜੰਸੀ ਦੇ ਨਿਯਮਾਂ ਤਹਿਤ ਮੁਲਾਜ਼ਮ ਹੈ ਜਾਂ ਖ਼ੁਦ-ਮੁਲਾਜ਼ਮਤ ਵਿਅਕਤੀ ਹੈ।

## ਸਹਾਇਕ ਕਾਮੇ ਭਰਤੀ ਕਰਨ ਲਈ ਵਸੀਲੇ

- ਕੈਨੇਡਾ ਰੈਵਿਨਿਊ ਅਜੰਸੀ, ਹੇਠਲੇ ਵੈੱਬਸਾਈਟ ਉੱਪਰ ਰੋਜ਼ਗਾਰ-ਦਾਤਿਆਂ ਨੂੰ ਆਮ ਜਾਣਕਾਰੀ ਅਤੇ ਕਈ ਗਾਈਡਾਂ ਅਤੇ ਫਾਰਮ ਮੁਹੱਈਆ ਕਰਦੀ ਹੈ। www.cra-arc.gc.ca/formspubs/clntgrp/ bsnss/ mplyrs-eng.html
- Guides to the Ontario Employment Standards Act, 2000 ਅਤੇ Occupational Health and Safety Act ਲੇਬਰ ਮਿਨਿਸਟਰੀ ਦੀ ਵੈਬੇਾਈਟ ontario.ca/ bxhy ਅਤੇ ontario.ca/bxks `ਤੇ ਮਿਲ ਸਕਦੀਆਂ ਹਨ।
- ਉਹਨਾਂ ਵਿਅਕਤੀਆਂ ਤੇ ਪਰਿਵਾਰਾਂ, ਜਿਹੜੇ ਆਪਣੀ ਫੰਡਿੰਗ ਤੇ ਮਦਦਾਂ ਦਾ ਖੁਦ-ਸੰਚਾਲਣ ਕਰਦੇ ਹਨ, ਨੂੰ ਮਦਦ ਕਰਨ ਲਈ, ਮਿਨਿਸਟਰੀ ਆਫ਼ ਕਮਿਊਨਿਟੀ ਐਂਡ ਸੋਸ਼ਲ ਸਰਵਿਸਜ਼ ਨੇ ਵਿਕਾਸੀ-ਅਪੰਗਤਾ ਵਾਲੇ ਲੋਕਾਂ ਨਾਲ ਮਿਲ ਕੇ ਇੱਕ ਪੁਸਤਿਕਾ ਤਿਆਰ ਕੀਤੀ ਹੈ ਜਿਸਦਾ ਟਾਈਟਲ ਹੈ Hiring a Support Worker: A Guide for Ontarians with a Developmental Disability; ਇਹ ਪੁਸਤਿਕਾ, ਮਦਦਗਾਰ ਕਾਮੇ ਦੀ ਭਰਤੀ ਵੇਲੇ ਧਿਆਨ ਵਿੱਚ ਰੱਖਣ ਵਾਲੇ ਨੁਕਤਿਆਂ ਅਤੇ ਮੁੱਦਿਆਂ ਬਾਰੇ ਜਾਣਕਾਰੀ ਦੇਂਦੀ ਹੈ। ਇਹ ਪੁਸਤਿਕਾ ਮਿਨਿਸਟਰੀ ਦੀ ਵੈੱਬਸਾਈਟ ontario.ca/bxh1 `ਤੇ ਉਪਲਬਧ ਹੈ।

## ਸੇਵਾਵਾਂ ਅਤੇ ਮਦਦਾਂ ਦਾ ਮਿਆਰ

ਆਪਣੀ ਫੰਡਿੰਗ ਤੇ ਮਦਦਾਂ ਦਾ ਸੰਚਾਲਣ ਆਪ ਕਰਨ ਵਾਲੇ ਵਿਅਕਤੀ, ਖ਼ਰੀਦੀਆਂ ਜਾਣ ਵਾਲੀਆਂ ਸੇਵਾਵਾਂ ਦੇ ਮਿਆਰ ਉੱਪਰ ਨਜ਼ਰ ਰੱਖਣ ਲਈ ਖੁਦ ਜ਼ਿੰਮੇਵਾਰ ਹਨ। ਮਦਦਾਂ ਦੇ ਮਿਆਰ ਬਾਰੇ ਸ਼ਕਾਇਤਾਂ ਜਾਂ ਤੌਖ਼ਲਿਆਂ ਨੂੰ ਸਹਾਇਤਾ ਦੇਣ ਵਾਲਿਆਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਨਾ ਕਿ ਪਾਸਪੋਰਟ ਅਜੰਸੀ ਦੇ।

Ministry of Community and Social Services ਵੱਲੋਂ ਫੰਡ-ਪ੍ਰਾਪਤ ਵਿਕਾਸ ਸਬੰਧੀ ਸੇਵਾਵਾਂ ਦੇ ਅਦਾਰੇ ਤਾਂ ਮਿਨਿਸਟਰੀ ਵੱਲੋਂ ਨਿਯੰਤਰਤ ਤੇ ਨਿਗਰਾਨੀ ਹੇਠ ਰੱਖੇ ਜਾਂਦੇ ਹਨ, ਪਰ ਬਾਕੀ ਅਦਾਰੇ ਤੇ ਸੇਵਾਵਾਂ ਦੇਣ ਵਾਲੇ ਨਹੀਂ। ਕੁਝ ਕੇਸਾਂ ਵਿੱਚ, ਮੁੱਖਧਾਰਾ ਕਮਿਊਨਿਟੀ ਅਦਾਰੇ ਜਾਂ ਪ੍ਰਾਈਵੇਟ ਸਰਵਿਸ ਦੇਣ ਵਾਲੇ, ਕਿਸੇ ਵੱਖਰੇ ਸਰਕਾਰੀ ਪੱਧਰ `ਤੇ, ਕਿਸੇ ਪ੍ਰੋਫੈਸ਼ਨਲ ਅਸੋਸੀਏਸ਼ਨ ਜਾਂ ਕਿਸੇ ਕਾਨੂੰਨੀ ਅਦਾਰੇ ਵੱਲੋਂ ਨਿਯੰਤਰਤ ਕੀਤੇ ਜਾਣਗੇ। ਜਿੱਥੇ ਸੰਸਥਾਵਾਂ ਨਿਯੰਤਰਤ ਨਹੀਂ ਕੀਤੀਆਂ ਜਾਂਦੀਆਂ, ਹੋ ਸਕਦਾ ਹੈ ਉਥੇ ਨਿਗਰਾਨੀ ਕਰਨ ਤੇ ਸ਼ਕਾਇਤਾਂ ਸੁਣਨ ਤੇ ਸਮੱਸਿਆਵਾਂ ਨੂੰ ਸੁਲਝਾਉਣ ਵਾਲਾ ਅਦਾਰਾ ਨਾ ਹੀ ਹੋਵੇ।

### ਸੇਵਾ-ਪ੍ਰਦਾਤਾ ਚੁਣਨ ਵੇਲੇ ਪੁੱਛਣ ਵਾਲੇ ਸੁਆਲਾਂ ਵਿੱਚ ਹੇਠ ਲਿਖੇ ਵੀ ਸ਼ਾਮਲ ਹਨ:

- ਉਹ ਕਿਹੋ ਜਿਹੀਆਂ ਮਦਦਾਂ ਉਪਲਬਧ ਕਰਨਗੇ? ਮਦਦਾਂ ਦੀ ਕੀਮਤ ਕੀ ਹੋਵੇਗੀ? ਮਦਦਾਂ ਉਪਲਬਧ ਕਰਨ ਲਈ ਕੀ ਕੋਈ ਸ਼ਰਤਾਂ ਵੀ ਹੋਣਗੀਆਂ?
- ਮੇਰੀਆਂ ਕੀ ਜ਼ਿੰਮੇਵਾਰੀਆਂ ਹੋਣਗੀਆਂ?
- ਕੀ ਸਰਵਿਸ ਦੇਣ ਵਾਲੇ ਕੋਲ਼ ਲੋੜੀਂਦੀ ਇਨਸ਼ੋਰੈਂਸ ਕਵਰੇਜ ਹੈ (ਮਸਲਨ, ਤੁਹਾਡੇ ਘਰ ਵਿੱਚ ਕਿਸੇ ਵਰਕਰ ਦੇ ਜ਼ਖ਼ਮੀ ਹੋ ਜਾਣ ਦੀ ਹਾਲਤ ਵਿੱਚ)?
- ਕੀ ਸਰਵਿਸ ਦੇਣ ਵਾਲੇ ਕੋਲ਼ ਹਵਾਲੇ ਹਨ?
- ਕੀ ਉਨ੍ਹਾਂ ਦੀ ਕੋਈ ਸ਼ਕਾਇਤ-ਵਿਧੀ ਹੈ ਜਿਸ ਨੂੰ ਤੁਸੀਂ ਸਮਝਦੇ ਹੋ ਤੇ ਜਿਸ `ਤੇ ਤੁਹਾਨੂੰ ਭਰੋਸਾ ਹੈ?

## ਬੱਜਟ ਬਣਾਉਣਾ

ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਜਿਹੜੇ ਵਿਅਕਤੀ ਆਪਣੀ ਫੰਡਿੰਗ ਦਾ ਸੰਚਾਲਣ ਆਪ ਕਰਦੇ ਹਨ, ਉਹ ਇਕ ਬੱਜਟ ਤਿਆਰ ਕਰਨ ਜਿਹੜਾ ਇਹ ਦਰਸਾਵੇ ਕਿ ਉਹ ਆਪਣੇ ਪੈਸੇ ਨੂੰ ਆਪਣੀਆਂ ਸਹਿਯੋਗ ਦੀਆਂ ਲੋੜਾਂ ਅਤੇ ਟੀਚਿਆਂ ਦੀ ਪੂਰਤੀ ਲਈ ਕਿਵੇਂ ਵਰਤਣਗੇ। ਬੱਜਟ ਤਿਆਰ ਕਰਨ ਵੇਲੇ ਵਿਚਾਰਨਯੋਗ ਕੁਝ ਗੱਲਾਂ:

- ਤੁਸੀਂ ਆਪਣੇ ਬੱਜਟ ਨਾਲ ਕੀ ਹਾਸਲ ਕਰਨ ਚਾਹੁੰਦੇ ਹੋ (ਮਸਲਨ, ਤੁਹਾਡੀਆਂ ਸਹਿਯੋਗ ਦੀਆਂ ਲੋੜਾਂ ਅਤੇ ਟੀਚੇ)।
- ਤੁਸੀਂ ਆਪਣੇ ਪੈਸੇ ਕਿੰਜ ਖ਼ਰਚਣਾ ਚਾਹੁੰਦੇ ਹੋ (ਮਸਲਨ, ਤੁਹਾਡੀਆਂ ਜ਼ਰੂਰਤਾਂ ਤੇ ਟੀਚਿਆਂ ਨੂੰ ਪੂਰਨ ਵਾਲੀਆਂ ਸਰਗਰਮੀਆਂ ਤੇ ਮਦਦਾਂ)।
- ਸਾਲ ਦੌਰਾਨ ਤੁਸੀਂ ਆਪਣੇ ਪੈਸੇ ਨੂੰ ਕਦੋਂ ਖ਼ਰਚੋਂਗੇ (ਮਸਲਨ, ਤੁਸੀਂ ਪੈਸੇ ਦਾ ਕੁਝ ਹਿੱਸਾ ਸਾਲ ਦੌਰਾਨ ਹਰ ਮਹੀਨੇ ਖ਼ਰਚ ਕਰੋਂਗੇ, ਜਾਂ ਇਸ ਦਾ ਬਹੁਤਾ ਹਿੱਸਾ ਗਰਮ-ਰੁੱਤੇ ਛੁੱਟੀਆਂ ਦੌਰਾਨ ਖਰਚੋਗੇ)।
- ਸਰਗਰਮੀਆਂ ਤੇ ਮਦਦਾਂ ਦੀ ਕੀਮਤ।

ਸਾਲਾਨਾ ਬੱਜਟ ਤਿਆਰ ਕਰਨ ਲਈ ਪਾਸਪੋਰਟ ਅਜੰਸੀ ਵਧੇਰੇ ਜਾਣਕਾਰੀ ਅਤੇ ਵਸੀਲੇ ਦਸ ਸਕਦੀ ਹੈ।

## ਵਾਪਸੀ-ਭੁਗਤਾਨ

ਪਾਸਪੋਰਟ, ਵਾਪਸੀ-ਭੁਗਤਾਨ ਵਾਲਾ ਪ੍ਰੋਗਰਾਮ ਹੈ। ਵਿਅਕਤੀ ਤੇ ਪਰਿਵਾਰ, ਪਾਸਪੋਰਟ ਅਜੰਸੀ ਨੂੰ ਬਿਲ ਤੇ ਰਸੀਦਾਂ ਦੇਂਦੇ ਹਨ ਤਾਂ ਉਹਨਾਂ ਦੇ ਖ਼ਰਚੇ ਵਾਪਸ ਕਰ ਦਿੱਤੇ ਜਾਂਦੇ ਹਨ।

ਲੋਕਲ ਪਾਸਪੋਰਟ ਅਜੰਸੀ ਬਿਲਾਂ ਅਤੇ ਭੁਗਤਾਣਾਂ ਦੀ ਵਿਧੀ ਬਾਰੇ ਜਾਣਕਾਰੀ ਮੁਹੱਈਆ ਕਰੇਗੀ।

ਮਦਦਾਂ ਦੀ ਕੀਮਤ ਅਗਾਊਂ ਦੇ ਦੇਣ ਨਾਲ਼ ਕੁਝ ਲੋਕਾਂ ਲਈ ਮਾਇਕ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ। ਅਜੇਹੇ ਹਾਲਾਤ ਵਿੱਚ, ਪਾਸਪੋਰਟ ਅਜੰਸੀਆਂ ਸਵੀਕਾਰਨਯੋਗ ਮਦਦਾਂ ਅਤੇ ਖ਼ਰਚਿਆਂ ਲਈ ਫੰਡ ਦੇ ਸਕਦੀਆਂ ਹਨ। ਇਹ ਪੇਸ਼ਗੀ ਫੰਡ ਅਸਲੀ ਖ਼ਰਚ ਨਾਲ਼ ਮਿਲਾਏ ਜਾਣਗੇ ਅਤੇ ਅਗਲੇਰੀਆਂ ਕਿਸ਼ਤਾਂ, ਓਵਰਪੇਮੈਂਟਾਂ ਨੂੰ ਟਾਲਣ ਲਈ ਐਡਜਸਟ ਕੀਤੀਆਂ ਜਾਣਗੀਆਂ।

ਜੇਕਰ ਪਾਸਪੋਰਟ ਰਾਹੀਂ ਫੰਡਿੰਗ ਲੈ ਰਿਹਾ ਕੋਈ ਵਿਅਕਤੀ ਇਸ ਦੇ ਕੁਛ ਹਿੱਸੇ ਨੂੰ ਜਾਂ ਪੂਰੀ ਫੰਡਿੰਗ ਨੂੰ ਸਹੀ ਢੰਗ ਨਾਲ ਨਹੀਂ ਵਰਤ ਰਿਹਾ, ਤਾਂ ਪਾਸਪੋਰਟ ਅਜੰਸੀ ਇਸ ਸਥਿਤੀ ਉੱਪਰ ਨਜ਼ਰਸਾਨੀ ਕਰੇਗੀ। ਉਸਦੇ ਕਾਰਨਾਂ ਬਾਰੇ ਗੱਲਬਾਤ ਕੀਤੀ ਜਾਵੇਗੀ ਤੇ ਮੁਮਕਿਨ ਹੱਲ ਲੱਭਣ ਦੇ ਯਤਨ ਕੀਤੇ ਜਾਣਗੇ, ਜਿਵੇਂ ਕਿ:

- ਫੰਡਿੰਗ ਨੂੰ ਕਿਸੇ ਤਬਾਦਲੇ ਦੇ ਭੁਗਤਾਨ ਦੀ ਅਜੰਸੀ ਨੂੰ ਰੈਫਰ ਕਰਨਾ ਜਾਂ ਉਨ੍ਹਾਂ ਦੀ ਤਰਫੋਂ ਇਨ੍ਹਾਂ ਫੰਡਾਂ ਦਾ ਪ੍ਰਬੰਧ ਕਰਨ ਲਈ, ਕਿਸੇ ਤੀਜੀ ਧਿਰ ਨੂੰ ਨਿਯੁਕਤ ਕਰਨਾ।
- ਸਟਾਫ਼ ਦੀ ਭਰਤੀ ਅਤੇ ਉਸ ਨੂੰ ਟਿਕਊ ਰੱਖਣ ਲਈ ਜਾਣਕਾਰੀ ਅਤੇ ਜ਼ਰੀਏ ਦੇਣੇ।
- ਹੋਰ ਮਦਦਾਂ ਬਾਰੇ ਲਾਭਕਾਰੀ ਜਾਣਕਾਰੀ ਉਪਲਭਦ ਕਰਨੀ ਜਿਵੇਂ ਕਿ ਕੇਸਾਂ ਦੀ ਦੇਖਭਾਲ।



Passport_Guideline_Punjabi.indd 17 2015-02-03 9:08 PM

## ਫੰਡਾਂ ਦੀ ਦੁਰਵਰਤੋਂ

ਪਾਸਪੋਰਟ ਫੰਡਿੰਗ ਪੂਰੇ ਤੌਰ `ਤੇ, ਪਾਸਪੋਰਟ ਗਾਈਡਲਾਈਨਜ਼ ਐਂਡ ਫੰਡਿੰਗ ਅਗਰੀਮੰਟ `ਚ ਵਿਕਾਸੀ ਅਪੰਗਤਾ ਵਾਲੇ ਬਾਲਗਾਂ ਅਤੇ ਸੰਭਾਲ਼ਕਰਤਾ ਦੀ ਰਾਹਤ ਲਈ ਦਰਜ ਕੀਤੀਆਂ, ਸੇਵਾਵਾਂ ਅਤੇ ਮਦਦਾਂ ਲਈ ਹੀ ਵਰਤੀ ਜਾਣੀ ਹੈ। ਜਿੱਥੇ ਫੰਡਿੰਗ ਪ੍ਰਾਪਤ ਕਰਨ ਵਾਲਾ ਜਾਂ ਫੰਡਿੰਗ ਦਾ ਪ੍ਰਬੰਧਕਰਤਾ ਫੰਡਿੰਗ ਇਕਰਾਰਨਾਮੇ ਦੀਆਂ ਨਿਬੰਧਨ ਅਤੇ ਸ਼ਰਤਾਂ ਅਨੁਸਾਰ ਨਹੀਂ ਚਲਦਾ, ਉਥੇ ਪਾਸਪੋਰਟ ਅਜੰਸੀ ਫੰਡਿੰਗ ਨੂੰ ਮੁਅੱਤਲ ਜਾਂ ਬੰਦ ਕਰ ਸਕਦੀ ਹੈ। ਜਿੱਥੇ ਪਾਸਪੋਰਟ ਫੰਡ ਗਾਈਡਲਾਈਨਜ਼ ਐਂਡ ਫੰਡਿੰਗ ਅਗਰੀਮੰਟ ਮੁਤਾਬਿਕ ਨਹੀਂ ਵਰਤੇ ਗਏ (ਮਸਲਨ, ਅਜੇਹੇ ਖ਼ਰਿਚਿਆਂ ਦੇ ਕਲੇਮ ਦਾਖ਼ਲ ਕਰਨੇ ਜਿਹੜੇ ਅਧੂਰੇ ਜਾਂ ਝੂਠੇ ਜਾਪਦੇ ਹੋਣ ਹੋਣ), ਉਥੇ ਹੋਰ ਜਾਣਕਾਰੀ ਲਈ ਬੇਨਤੀ ਕੀਤੀ ਜਾ ਸਕਦੀ ਹੈ ਅਤੇ ਕਾਨੂੰਨ ਲਾਗੂ ਅਤੇ/ਜਾਂ ਕਾਨੂੰਨੀ ਕਾਰਵਾਈ ਵੀ ਅਖਤਿਆਰ ਕੀਤੇ ਜਾ ਸਕਦੇ ਹਨ।

## ? ਸਵਾਲਾਤ

ਪਾਸਪੋਰਟ ਪ੍ਰੋਗਰਾਮ ਬਾਰੇ ਜਾਂ ਇਨ੍ਹਾਂ ਗਾਈਡਲਾਈਨਾਂ ਬਾਰੇ ਅਗਰ ਤੁਹਾਡੇ ਕੋਈ ਸਵਾਲਾਤ ਹੋਣ ਤਾਂ ਲੋਕਲ ਪਾਸਪੋਰਟ ਦਫ਼ਤਰ ਨਾਲ਼ ਸੰਪਰਕ ਕਰੋ।



Passport_Guideline_Punjabi.indd 18 2015-02-03 9:08 PM